***ISHA ਦੁਆਰਾ ਪ੍ਰਕਾਸ਼ਤ। ਸਾਰੇ ਹੱਕ ਰਾਖਵੇਂ ਹਨ।***
***ਈਸ਼ਵਰ ਸੀ ਪੁਰੀ ਦੁਆਰਾ YouTube ਉੱਤੇ ਹੋਏ ਬਚਨਾਂ ਦਾ ਇਹ ਪੰਜਾਬੀ ਅਨੁਵਾਦ ਇਕ CC BY-NC-SA ਲਾਇਸੈਂਸ ਅਧੀਨ ਪ੍ਰਕਾਸ਼ਤ ਕੀਤਾ ਗਿਆ ਹੈ, ਜਿਸਦਾ ਅਰਥ ਹੈ ਕਿ ਤੁਸੀਂ ਅਨੁਵਾਦ ਦੇ ਭਾਗਾਂ ਦੀ ਨਕਲ, ਮੁੜ ਵੰਡ, ਰੀਮਿਕਸ ਅਤੇ ਮੁਫਤ ਵੰਡ ਸਕਦੇ ਹੋ, ਬਸ਼ਰਤੇ ਕਿ ਕੋਈ ਨਵਾਂ ਕੰਮ ਜਾਂ ਨਵੇਂ ਨਤੀਜੇ ਵਜੋਂ ਬਣਾਈਆਂ ਗਈਆਂ ਰਚਨਾਵਾਂ ਕਿਸੇ ਵੀ ਵਪਾਰਕ ਉਦੇਸ਼ ਲਈ ਨਾਂ ਵਰਤੀਆਂ ਜਾਣ ਅਤੇ ਜਿਨ੍ਹਾਂ ਚਿਰ ਤੁਸੀਂ ਉਚਿਤ ਕ੍ਰੈਡਿਟ ਦੇਂਦੇ ਰਹੋਗੇ, ਲਾਇਸੈਂਸ ਦਾ ਇੱਕ ਲਿੰਕ ਪ੍ਰਦਾਨ ਕਰਦੇ ਰਹੋਗੇ, ਅਤੇ ਸੰਕੇਤ ਦੇਂਦੇ ਰਹੋਗੇ ਕਿ ਕਿਹੜੀਆਂ ਤਬਦੀਲੀਆਂ ਕੀਤੀਆਂ ਗਈਆਂ ਸਨ। ਜੇ ਤੁਸੀਂ ਅਨੁਵਾਦ ਨੂੰ ਰੀਮੀਕਸ ਕਰਦੇ ਹੋ, ਬਦਲਦੇ ਹੋ ਤਾਂ ਤੁਹਾਨੂੰ ਲਾਜ਼ਮੀ ਤੌਰ ਤੇ ਆਪਣੇ ਯੋਗਦਾਨ ਨੂੰ ਮੁਢਲੇ ਲਾਇਸੈਂਸ ਦੇ ਅਧੀਨ ਰੀਲਿਜ਼ ਕਰਨਾ ਪਵੇਗਾ।***
***ਲਾਇਸੈਂਸ ਦੇ ਵੇਰਵੇ: creativecommons.org/licenses/by-nc-sa/4.0/ Copyright 2019. Attribution-NonCommercial-ShareAlike (CC BY-NC-SA).***

# ਇੱਕ ਇਕ ਪਰਮ ਸੰਤ ਸਤਿਗੁਰੂ ਦੀ ਭੂਮਿਕਾ

*ਸ਼ਿਕਾਗੋ, ਆਈ.ਐਲ. ਵਿਖੇ*, 12/04/10 *ਨੂੰ ਪੇਸ਼ ਕੀਤੇ ਗਏ ਵਿਚਾਰ*

ਤਿਉਹਾਰ ਜਾਂ ਛੁੱਟੀਆਂ ਦਾ ਆਨੰਦ ਮਾਣਨਾ ਬਹੁਤ ਵਧੀਆ ਗੱਲ ਹੈ. ਸੰਤ ਅਤੇ ਮਹਾਤਮਾ ਜਨ ਦਿਨ ਰਾਤ ਤਿਉਹਾਰ ਮਨਾਉਂਦੇ ਨੇ. ਜਦੋਂ ਅਸੀਂ ਸੌਂਦੇ ਹਾਂ, ਉਹ ਸੱਚਖੰਡ, ਆਪਣੇ ਸੱਚੇ ਘਰ ਜਾ ਕੇ ਤਿਉਹਾਰ ਮਨਾਉਂਦੇ ਹਨ. ਉਹ ਕਿਸੇ ਖਾਸ ਦਿਨ ਦੇ ਆਉਣ ਦਾ ਇੰਤਜ਼ਾਰ ਨਹੀਂ ਕਰਦੇ. ਹਰ ਰਾਤ, ਲੋਕਾਂ ਦੇ ਸੌਂਣ ਤੋਂ ਬਾਅਦ ਉਹ ਆਪਣੇ ਸੱਚੇ ਘਰ ਵਿੱਚ ਜਾਕੇ ਤਿਓਹਾਰ ਮਨਾਉਂਦੇ ਹਨ. ਸਵਾਮੀ ਜੀ ਵਰਗੇ ਮਹਾਤਮਾ ਜਨ ਦਾ ਕਹਿਣਾ ਹੈ ਕਿ ਦਿਵਾਲੀ, ਰੋਸ਼ਨੀ ਦਾ ਤਿਉਹਾਰ, ਜੋ ਭਾਰਤ ਵਿਚ ਮਨਾਇਆ ਜਾਂਦਾ ਹੈ, ਇਹ ਸਾਲ ਵਿੱਚ ਕੇਵਲ ਇੱਕ ਵਾਰ ਆਉਂਦਾ ਹੈ, ਪਰ ਸੰਤਾਂ ਦੀ ਦੀਵਾਲੀ, ਜਾਂ ਰੋਸ਼ਨੀ ਦਾ ਤਿਉਹਾਰ, ਸੱਚਖੰਡ ਵਿਚ ਹਰ ਰਾਤ ਮਨਾਇਆ ਜਾਂਦਾ ਹੈ.

ਸਾਡੇ ਇਹ ਤਿਉਹਾਰ ਇਥੇ ਕੁਝ ਦਿਨ ਤੱਕ ਹੀ ਸੀਮਤ ਹਨ, ਪਰ ਸੰਤ ਜਨ ਦੱਸਦੇ ਹਨ ਕਿ ਜੇ ਤੁਸੀਂ ਸੱਚੇ ਤਿਉਹਾਰ ਦਾ ਆਨੰਦ ਲੈਣਾ ਚਾਹੁੰਦੇ ਹੋ ਤਾਂ ਉਸਨੂੰ ਹਰ ਰੋਜ਼ ਆਪਣੇ ਅੰਦਰ ਹੀ ਮਨਾਇਆ ਜਾ ਸਕਦਾ ਹੈ ਕਿਉਂਕਿ ਸਾਡਾ ਸੱਚਾ ਘਰ, ਸਾਡਾ ਅਸਲ ਸਥਾਨ, ਅਸੀਂ ਜਿੱਥੇ ਦੇ ਹਾਂ, ਜਿਥੇ ਦੇ ਸਾਡੀ ਚੇਤਨਾ ਹੈ, ਉਹ ਸਾਡੇ ਅੰਦਰ ਹੀ ਹੈ, ਕਿਤੇ ਬਾਹਰ ਨਹੀਂ. ਜੋ ਵੀ ਅਸੀਂ ਬਾਹਰ ਦੇਖਦੇ ਹਾਂ ਉਹ ਸਾਡੀ ਚੇਤਨਾ ਦੁਆਰਾ ਬਣਾਇਆ ਗਿਆ ਹੈ. ਅਤੇ ਇਸ ਲਈ ਅਸਲੀਅਤ ਸਾਡੇ ਅੰਦਰ ਹੈ, ਅਤੇ ਇੱਕ ਸੱਚਾ ਤਿਉਹਾਰ ਸਾਡੇ ਅੰਦਰ ਹੀ ਮਨਾਇਆ ਜਾਂਦਾ ਹੈ.

ਬਾਹਰ ਮਨਾਉਣਾ ਵੀ ਕੋਈ ਮਾੜੀ ਗੱਲ ਨਹੀਂ ਹੈ ਕਿਉਂਕਿ ਬਾਹਰ ਵੀ ਉਸੇ ਸ਼ਕਤੀ ਨੇ ਹੀ ਬਣਾਇਆ ਹੈ ਜੋ ਸਾਡੇ ਅੰਦਰ ਮੌਜੂਦ ਹੈ. ਇਕ ਪ੍ਰੇਮਸ਼ਵਾਰ ਦਾ ਪਿਆਰਾ ਕਹਿੰਦਾ ਹੈ, "ਬਾਹਰ ਅਤੇ ਅੰਦਰ ਵਿਚ ਕੋਈ ਅੰਤਰ ਨਾ ਜਾਣੋ. ਉਹ ਦੋਵੇਂ ਇੱਕੋ ਚੇਤਨਾ ਤੋਂ ਪੈਦਾ ਹੁੰਦੇ ਹਨ. ਇਹ ਨਹੀਂ ਕਿ ਅਸੀਂ ਬਾਹਰੀ ਸ੍ਰਿਸ਼ਟੀ ਤੋਂ ਭੱਜ ਚਲੀਏ ਕਿਉਂਕਿ ਸਾਰੀ ਸੱਚਾਈ ਅੰਦਰ ਹੈ. ਅਸੀਂ ਕਹਿੰਦੇ ਹਾਂ ਅੰਦਰ ਜਾਵੋ, ਇਸ ਲਈ ਨਹੀਂ ਕਿ ਬਾਹਰ ਬੁਰਾਈ ਹੈ. ਅਸੀਂ ਕਹਿੰਦੇ ਹਾਂ ਕਿ ਅੰਦਰ ਜਾਵੋ ਕਿਉਂਕਿ ਅੰਦਰ ਜਾ ਕੇ ਤੁਹਾਨੂੰ ਪਤਾ ਲੱਗ ਜਾਵੇਗਾ ਕਿ ਬਾਹਰ ਅਤੇ ਅੰਦਰ ਇੱਕੋ ਜਿਹੇ ਸਨ. ਬਾਹਰ ਨੂੰ ਵੀ ਉਸੀ ਚੇਤਨਾ ਦੀ ਸ਼ਕਤੀ ਨੇ ਬਣਾਇਆ ਹੈ ਜੋ ਅੰਦਰ ਦੇ ਸਾਰੇ ਅਨੁਭਵ ਪੈਦਾ ਕਰਦੀ ਹੈ.

ਜੇ ਇੱਦਾਂ ਨਾ ਹੁੰਦਾ ਤਾਂ ਬਾਹਰਲੇ ਸੰਸਾਰ ਵਿਚ ਇਕ ਕਾਮਿਲ ਮੁਰਸ਼ਿਦ ਜਾਂ ਪਰਮ ਸੰਤ ਸਤਿਗੁਰੂ ਦਾ role ਬਹੁਤ ਸੀਮਿਤ ਹੋਣਾ ਸੀ. ਸੱਚ ਤਾਂ ਇਹ ਹੈ ਕਿ ਜਦ ਅਸੀਂ ਇਕ ਪਰਮ ਸੰਤ ਸਤਿਗੁਰੂ ਨੂੰ ਮਿਲਦੇ ਹਾਂ, ਜੋ ਸਾਡੇ ਵਾਂਗਣ ਸਧਾਰਨ ਮਨੁੱਖ ਹੁੰਦੇ ਹੋਏ ਚੇਤਨਾ ਦੀ ਸਮੁੱਚਤਾ ਵਿਚ ਨਿਵਾਸ ਰੱਖਦੇ ਨੇ, ਤਾਂ ਅਸਲ ਵਿਚ ਉਹ ਵਿਅਕਤੀ ਵੀ ਸਾਡੇ ਦੁਆਰਾ ਬਣਾਏ ਇਸ ਮਾਇਆ ਜਾਲ ਦਾ ਹੀ ਹਿਸਾ ਹੁੰਦੇ ਨੇ, ਜਿਸਦਾ ਮਤਲਬ ਹੈ ਕਿ ਬਾਹਰਲਾ ਸੰਸਾਰ ਇਨ੍ਹਾਂ ਮਿਥਿਆ ਨਹੀਂ ਹੈ ਜਿਨ੍ਹਾਂ ਅਸੀਂ ਸੋਚਦੇ ਹਾਂ. ਬਾਹਰ ਅਤੇ ਅੰਦਰ ਘੜੀ ਜਾ ਸਕਣ ਵਾਲੀ ਹਕੀਕਤ ਵਿਚ ਕੋਈ ਵੀ ਫਰਕ ਨਹੀਂ ਹੈ.

ਇਸੇ ਲਈ ਜੇਕਰ ਅਸੀਂ ਆਪਣੇ ਆਪ ਦਾ ਪਤਾ ਨਹੀਂ ਲਗਾ ਸਕਦੇ, ਜੇ ਸਾਨੂੰ ਆਪਣੇ ਬਾਰੇ ਨਹੀਂ ਪਤਾ ਕਿ ਅਸੀਂ ਕੌਣ ਹਾਂ, ਤਾਂ ਅਸੀਂ ਆਪਣੇ ਆਪ ਅਤੇ ਅਸਲੀ ਆਪੇ ਨੂੰ ਆਪਣੇ ਤੋਂ ਬਾਹਰ ਲੱਭ ਸਕਦੇ ਹਾਂ.ਆਪਣੇ ਆਪ ਨੂੰ ਅਸੀਂ ਇੱਕ ਪਰਮ ਸੰਤ ਸਤਿਗੁਰੂ ਦੇ ਰੂਪ ਵਿੱਚ ਬਾਹਰੋਂ ਲੱਭ ਸਕਦੇ ਹਾਂ. ਇੱਕ ਪਰਮ ਸੰਤ ਸਤਿਗੁਰੂ ਵੀ ਸਾਡੀ ਧਾਰਨਾ ਜਾ ਅਨੁਭਵ ਦਾ ਹੀ ਹਿੱਸਾ ਹਨ. ਅਸੀਂ ਉਸ ਨੂੰ ਵੇਖਦੇ ਹਾਂ. ਅਸੀਂ ਉਸ ਨੂੰ ਬਣਾਉਂਦੇ ਹਾਂ, ਪਰ ਅਸੀਂ ਉਸ ਨੂੰ ਸਮੁੱਚੀ ਚੇਤਨਾ ਦੀ ਸ਼ਕਤੀ ਨਾਲ ਬਣਾਉਂਦੇ ਹਾਂ  ਜਦ ਕਿ ਅਸੀਂ ਇਥੇ ਬੈਠੇ ਹੋਏ ਆਪਣੇ ਮਨ ਨਾਲ ਕਿੱਸੇ  ਹੱਦ ਤੋਂ ਵੱਧ ਨਹੀਂ ਸੋਚ ਸਕਦੇ. ਸਾਡੇ ਦੁਆਰਾ ਆਪਣੇ ਆਪ ਤੋਂ ਬਾਹਰ ਬਣਾਇਆ ਗਿਆ ਇਹ  ਵਿਅਕਤੀ ਸਾਡੇ ਨਾਲ ਗੱਲ ਕਰ ਸਕਦਾ ਹੈ, ਸਾਡੀ ਗੱਲ ਸੁਣ ਸਕਦਾ ਹੈ, ਸਾਡੀ ਅਗਵਾਈ ਕਰ ਸਕਦਾ ਹੈ, ਅਤੇ ਇੱਥੋਂ ਤੱਕ ਕਿ ਚਮਤਕਾਰੀ ਤਰੀਕੇ ਨਾਲ ਸਾਨੂੰ ਆਪਣੇ ਆਪ ਤੋਂ, ਜਿਵੇਂ ਅਸੀਂ ਆਪਣੇ ਆਪ ਨੂੰ ਇਸ ਸਮੇਂ ਜਾਣਦੇ ਹਾਂ, ਤੋਂ ਪਰੇ ਲਿਜਾ ਸਕਦਾ ਹੈ. ਇਸ ਲਈ, ਹਕੀਕਤ ਦੀ ਉਹ ਸ਼ਕਤੀ ਜਿਸਨੂੰ ਅਸੀਂ ਆਪਣੇ ਆਪ ਤੋਂ ਬਾਹਰ ਬਣਾਉਂਦੇ ਹਾਂ ਉਹ ਸਾਡੇ ਅੰਦਰ ਦੀ ਸ਼ਕਤੀ ਜਿਤਨੀ ਹੀ ਤਾਕਤਵਰ ਅਤੇ ਜਾਦੂਈ ਹੁੰਦੀ ਹੈ. ਇਸੇ ਕਰਕੇ ਇਕ ਪਰਮ ਸੰਤ ਸਤਿਗੁਰੂ ਨੂੰ, ਜੋ ਕਿ ਸਾਡੇ ਤੋਂ ਬਾਹਰ ਸਾਡੀ ਜਿੰਦਗੀ ਵਿਚ ਆਉਂਦਾ ਹੈ, ਨੂੰ ਇਨੀ ਮਹੱਤਤਾ ਦਿਤੀ ਜਾਂਦੀ ਹੈ.

ਇਕ ਪਰਮ ਸੰਤ ਸਤਿਗੁਰੂ ਦੀ ਚੇਤਨਾ ਅਸਲ ਵਿਚ ਸਾਡੀ ਸਮੁੱਚੀ ਜਾਂ ਕੁਲ ਚੇਤਨਾ ਹੈ. ਸਾਡੀ ਆਪਣੀ ਸਮੁੱਚਤਾ, ਸਾਡੀ ਆਪਣੀ ਪਰਮ ਸ਼ਕਤੀ, ਸਾਡੀ ਪਰਮ ਅਸਲੀਅਤ ਉਸ ਮਨੁੱਖ ਵਿਚ ਪ੍ਰਤੀਬਿੰਬਤ ਹੁੰਦੀ ਹੈ ਜੋ ਬਾਹਰੋਂ ਸਾਡੇ ਜੀਵਨ ਵਿਚ ਆਉਂਦਾ ਹੈ. ਬਾਹਰਲਾ ਸੰਸਾਰ ਕੁਝ ਸਿਧਾਂਤਾਂ ਤੇ ਅਧਾਰਿਤ ਹੈ ਜਿਨ੍ਹਾਂ ਨੂੰ ਅਸੀਂ ਕਾਨੂੰਨ, ਕੁਦਰਤ ਦੇ ਨਿਯਮ, ਜੀਵਨ ਦੇ ਨਿਯਮ ਕਹਿੰਦੇ ਹਾਂ ਅਤੇ ਪਰਮ ਸੰਤ ਸਤਿਗੁਰੂ, ਜੋ ਸਾਡੇ ਤੋਂ ਬਾਹਰ ਕਿਸੇ ਹੋਰ ਵਿਅੱਕਤੀ ਵਾਂਗ ਉਨ੍ਹਾਂ ਕਾਨੂੰਨਾਂ ਅਧੀਨ  ਆਉਂਦੇ ਨੇ, ਉਹ ਵੀ ਸਾਡੇ ਵਾਂਗ ਇਨ੍ਹਾਂ ਨਿਯਮਾਂ ਦੇ ਅਧੀਨ ਕੰਮ ਕਰਦੇ ਨੇ. ਊਨਾ ਵਿਚ ਅਤੇ ਸਾਡੀ ਵਿਚ ਕੋਈ ਫਰਕ ਨਹੀਂ ਹੁੰਦਾ.

ਇਕ ਮਨੁੱਖ ਜੋ ਸਾਡੇ ਜੀਵਣ ਵਿਚ ਇਕ ਪਰਮ ਸੰਤ ਸਤਿਗੁਰੂ ਦੇ ਰੂਪ ਵਿਚ ਆਉਂਦਾ ਹੈ ਉਹ ਸਾਡੇ ਵਾਂਗ ਮਨੁੱਖ ਹੁੰਦਾ ਹੋਏ ਸਾਡੇ ਵਰਗਾ ਹੀ ਜੀਵਨ ਜਿਉਂਦਾ ਹੈ. ਦਰਅਸਲ, ਜੇ ਉਹ ਕਿਸੇ ਖਾਸ ਮਿਸ਼ਨ ਜਾ ਕੰਮ ਲਈ ਆਇਆ ਹੋਵੇ, ਜਿਵੇਂ ਕਿ ਉਹ ਸਾਨੂੰ ਆਤਮਿਕ ਪੂਰਨਤਾ ਵੱਲ ਜਾਣ ਦੀ ਸੇਧ ਦੇਣ ਲਈ, ਤਾਂ ਉਹ ਨਿਸ਼ਚੇ ਪੂਰਕ ਇਹ ਧਿਆਨ ਰੱਖੇਗਾ ਕਿ ਉਸਦਾ ਬਾਹਰ ਵਾਲਾ ਜੀਵਨ ਸਾਡੇ ਹੀ ਵਰਗਾ ਹੋਵੇ. ਉਹ ਨਿਸ਼ਚੇ ਪੂਰਕ ਇਸ ਗੱਲ ਦਾ ਧਿਆਨ ਰੱਖੇਗਾ ਕਿ ਉਸਦੀ ਭਾਸ਼ਾ ਸਾਡੀ ਭਾਸ਼ਾ ਵਰਗੀ ਹੋਵੇ. ਉਹ ਇਹ ਯਕੀਨੀ ਬਣਾਵੇਗਾ ਕਿ ਉਸ ਦਾ ਜੀਵਨ-ਢੰਗ ਸਾਡੇ ਜੀਵਨ-ਢੰਗ ਵਰਗਾ ਹੋਵੇ. ਜੇਕਰ ਉਸ ਨੂੰ ਕਈ ਆਤਮਾਵਾਂ ਨੂੰ ਘਰ ਵਾਪਸ ਲਿਜਾਣ ਦਾ ਹੁਕਮ ਹੋਵੇ, ਜੋ ਘਰ ਵਾਪਸ ਜਾਣ ਲਈ ਤਿਆਰ ਹਨ, ਜੋ ਇਸ ਬਾਹਰ ਦੇ ਖੇਡ-ਤਮਾਸ਼ੇ ਤੋਂ ਤੰਗ ਆ ਚੁੱਕੀਆਂ ਹਨ, ਤਾਂ ਉਹ ਨਿਸ਼ਚੇ ਪੂਰਕ ਹਰ ਇਕ ਆਤਮਾ ਨਾਲ ਉਸੇ ਪੱਧਰ, ਉਸਦੇ ਵਰਗੇ ਹੀ ਹੋ ਕੇ ਵਿਚਰੇਗਾ .

ਜੇ ਕੋਈ ਅਮੀਰ ਹੈ, ਤਾਂ ਉਹ ਉਸ ਵਿਅਕਤੀ ਲਈ ਅਮੀਰ ਹੋਣਗੇ. ਜੇ ਕੋਈ ਗਰੀਬ ਹੈ ਤਾਂ ਉਹ ਉਸ ਵਿਅਕਤੀ ਲਈ ਗਰੀਬ ਹੋਜਾਣ ਗੇ . ਜੇ ਕੋਈ ਵੱਡੇ ਸ਼ਹਿਰ ਵਿਚ ਰਹਿੰਦਾ ਹੈ, ਉਹ ਉਸ ਵਿਅਕਤੀ ਲਈ ਵੱਡੇ ਸ਼ਹਿਰ ਵਿਚ ਜਾਣਗੇ. ਜੇ ਕੋਈ ਪਿੰਡ ਵਿਚ ਰਹਿੰਦਾ ਹੈ ਤਾਂ ਉਹ ਉਸ ਪਿੰਡ ਲਈ ਪਿੰਡ ਵਿਚ ਜਾਣਗੇ. ਇੱਕ ਪਰਮ ਸੰਤ ਸਤਿਗੁਰੂ ਆਪਣੀ ਸਰੀਰਕ ਜਿੰਦਗੀ ਅਤੇ ਹਲਾਤਾਂ ਨੂੰ ਉਸ ਸੱਚ ਦੀ ਭਾਲ ਕਰ ਰਹੇ ਜਿਗਿਆਸੂ ਜਾ seeker ਦੇ ਜੀਵਨ ਅਨੁਸਾਰ ਢਾਲਦਾ ਹੈ ਜਿਸਨੂੰ ਉਹ ਚੁੱਕ ਕੇ ਵਾਪਸ ਘਰ ਲਿਜਾਣ ਵਾਸਤੇ ਆਉਂਦਾ ਹੈ. ਇਹ ਇੱਕ ਕਮਾਲ ਦੀ ਵਿਸ਼ੇਸ਼ਤਾ ਹੈ. ਇਸ ਲਈ ਅਸੀਂ ਵੇਖਦੇ ਹਾਂ, ਕਿ ਇਹ ਪਰਮ ਸੰਤ ਸਤਿਗੁਰੂ ਦੁਨੀਆਂ ਦੇ ਵੱਖੋ-ਵੱਖਰੇ ਹਿੱਸਿਆਂ ਵਿਚ ਆਉਂਦੇ ਨੇ ਅਤੇ ਊਨਾ ਦਾ ਕੰਮ ਉਸ ਜਗ੍ਹਾ ਤੇ ਕੇਵਲ ਊਨਾ ਜੀਵਾਂ ਨੂੰ, ਜੋ ਕਿ ਜਿਗਿਆਸੂ ਜਾ seeker ਹੁੰਦੇ ਨੇ, ਜੋ ਘਰ ਜਾਣ ਨੂੰ ਤਿਆਰ ਨੇ, ਨੂੰ ਵਾਪਸ ਲਿਜਾਣ ਦਾ ਹੀ ਹੁੰਦਾ ਹੈ.

ਉਹ ਸਿਰਫ਼ ਇੱਕ ਆਮ ਸੁਨੇਹਾ ਦੇਣ ਲਈ ਨਹੀਂ ਆਉਂਦੇ.  ਉਨ੍ਹਾਂ ਦਾ ਮਨੋਰਥ ਹੋਰ philosophers ਅਤੇ ਮੁਰਸ਼ਿਦਾਂ ਦੀ ਸਿੱਖਿਆ ਤੋਂ ਬਹੁਤ ਵੱਖਰਾ ਹੁੰਦਾ ਹੈ. ਇਹ philosophers ਅਤੇ ਮੁਰਸ਼ਿਦ ਇਕ ਸਧਾਰਨ ਜੇਹਾ ਸੰਦੇਸ਼ ਦੇਣ ਵਾਸਤੇ ਇਸ ਦੁਨੀਆਂ ਵਿਚ ਆਉਂਦੇ ਹਨ, ਕਿ ਸੱਚ ਸਾਡੇ ਅੰਦਰ ਹੈ, ਕਿ ਬਾਹਰ ਦਾ ਸੰਸਾਰ ਇਕ ਭਰਮ ਜਾ ਮਾਇਆ ਹੈ, ਅਤੇ ਜੇਕਰ ਤੁਸੀਂ ਸੱਚਾਈ ਲੱਭਣਾ ਚਾਹੁੰਦੇ ਹੋ, ਤਾਂ ਆਪਣੇ ਅੰਦਰ ਜਾਵੋ, ਕਿ ਆਪਣੇ ਉਤੇ ਤਵੱਜੋ ਲਗਾਉਣ ਦੇ ਵੱਖ ਵੱਖ ਤਰੀਕੇ ਹਨ, ਕਿ ਤਵੱਜੋ ਦੀ ਸ਼ਕਤੀ ਨੂੰ ਆਪਣੇ ਅੰਦਰ  ਇਕਾਗਰ ਕਰੋ ਜਿਸ ਨਾਲ ਤੁਸੀਂ ਚੇਤਨਾ ਅਤੇ ਰਚਨਾ ਦੀਆਂ ਉੱਚੀਆਂ, ਵੱਖ-ਵੱਖ ਪੱਧਰਾਂ ਦਾ ਅਨੁਭਵ ਕਰ ਸਕਦੇ ਹੋ.

ਇਹ ਫ਼ਲਸਫ਼ੇ ਹਨ. ਇਹ ਅਜਿਹੇ ਫ਼ਲਸਫ਼ੇ ਹਨ. ਲੋਕ ਆਉਂਦੇ ਹਨ ਅਤੇ ਇਨ੍ਹਾਂ ਫ਼ਲਸਫ਼ਿਆਂ ਨੂੰ ਸਿਖਾਉਂਦੇ ਹਨ. ਉਹ ਫਿਲਾਸਫਰ ਹਨ. ਉਹ ਅਧਿਆਪਕ ਹਨ. ਉਹ ਕਾਮਲ ਮੁਰਸ਼ਿਦ ਜਾਂ ਪਰਮ ਸੰਤ ਸਤਿਗੁਰੂ ਨਹੀਂ ਹਨ. ਪਰਮ ਸੰਤ ਸਤਿਗੁਰੂ ਸਿੱਖਿਆ ਜਾਂ ਉਪਦੇਸ਼ ਦੇਣ ਨਹੀਂ ਆਉਂਦੇ. ਇਹ ਪਹਿਲਾਂ ਹੀ ਲਿਖੀਆਂ ਹਜ਼ਾਰਾਂ ਕਿਤਾਬਾਂ ਵਿੱਚ ਮੌਜੂਦ ਹਨ. ਉਹ ਸਾਡੇ ਸਾਰੇ ਇਤਿਹਾਸਕ ਦਸਤਾਵੇਜਾਂ ਵਿੱਚ ਮੌਜੂਦ ਹਨ. ਪਰਮ ਸੰਤ ਸਤਿਗੁਰੂ ਸਾਡੇ ਵਾਂਗ ਮਨੁੱਖੀ ਰੂਪ ਵਿੱਚ ਆਉਂਦੇ ਹਨ, ਅਤੇ ਆਪਣੇ ਜੀਵਨ ਦੇ ਅੰਦਰ ਉਨ੍ਹਾਂ ਦਾ ਖਾਸ ਮੱਕਸਦ ਉਨ੍ਹਾਂ ਰੂਹਾਂ ਨੂੰ ਵਾਪਸ ਲਿਜਾਣ ਦਾ ਹੁੰਦਾ ਹੈ ਜਿਨ੍ਹਾਂ ਦੀ ਜਿੰਮੇਵਾਰੀ ਉਨ੍ਹਾਂ ਦੇ ਸਿਰ ਹੁੰਦੀ ਹੈ.

ਜਦੋਂ ਅਸਲੀਅਤ ਅਤੇ ਸੱਚਾਈ ਦੇ ਜਿਗਿਆਸੂ ਇਸ ਭੌਤਿਕ ਸੰਸਾਰ ਵਿਚ ਆਪਣੀ ਹੋਂਦ ਤੋਂ ਅੱਕ ਕੇ ਘਰ ਜਾਣ ਲਈ ਤਿਆਰ ਹੁੰਦੇ ਨੇ ਤਾਂ ਇਹ ਪਰਮ ਸੰਤ ਸਤਿਗੁਰੂ ਉਨ੍ਹਾਂ ਦੀ ਜ਼ਿੰਦਗੀ ਵਿਚ ਆਉਂਦੇ ਹਨ ਤਾਂ ਕੀ ਉਨ੍ਹਾਂ ਨੂੰ ਸੱਚੇ ਘਰ ਵਾਪਿਸ ਲੈ ਜਾਇਆ ਜਾ ਸਕੇ. ਉਨ੍ਹਾਂ ਦਾ ਮਨੋਰਥ, ਉਨ੍ਹਾਂ ਦੀ ਮੰਗ, ਸਿਰਫ ਉਨ੍ਹਾਂ ਲੋਕਾਂ ਨੂੰ ਚੁੱਕਣਾ ਹੋਇਆ ਕਰਦੀ ਹੈ. ਉਹ ਦੁਨੀਆਂ ਨੂੰ ਬਦਲਣ ਲਈ ਨਹੀਂ ਆਉਂਦੇ. ਉਹ ਸੁਧਾਰਕ ਨਹੀਂ ਹਨ. ਉਹ ਨਵੇਂ ਸਿਧਾਂਤਾਂ ਨੂੰ ਤਿਆਰ ਕਰਨ ਨਹੀਂ ਆਉਂਦੇ. ਉਹ ਨਵੇਂ ਫ਼ਲਸਫ਼ਿਆਂ ਲਈ ਨਹੀਂ ਆਉਂਦੇ. ਉਹ ਨਵੇਂ ਰਸਤੇ ਨਹੀਂ ਸਿਖਾਉਂਦੇ

ਉਹ ਦੁਨੀਆਂ ਦੀ ਹਰ ਭਾਸ਼ਾ ਵਿਚ ਦਰਜ, ਹਜ਼ਾਰਾਂ ਕਿਤਾਬਾਂ ਵਿਚ ਦਰਜ ਸਭ ਤੋਂ ਸਰਲ ਤੇ ਪੁਰਾਣੇ ਮਾਰਗ ਅਨੁਸਾਰ ਚਲਦੇ ਹਨ. ਉਹ ਕਿਤਾਬਾਂ ਲਿਖਣ ਲਈ ਜਾਂ ਸਾਨੂੰ ਕੁਝ ਹੋਰ ਦੱਸਣ ਲਈ ਨਹੀਂ ਆਉਂਦੇ. ਉਹ ਖਾਸ ਤੌਰ ਤੇ ਉਨ੍ਹਾਂ ਚੁਣੀਆਂ ਰੂਹਾਂ ਨੂੰ ਲੈਣ ਆਉਂਦੇ ਹਨ ਜੋ ਉਸ ਸਮੇ, ਉਨ੍ਹਾਂ ਦੀ list ਵਿਚ ਹੁੰਦੀਆਂ ਨੇ, ਜੋ ਦੁਨੀਆ ਦੇ ਉਸ ਹਿੱਸੇ ਵਿਚ, ਅਭਿਲਾਖੀ ਸੰਸਾਰ ਦੇ ਉਸ ਹਿੱਸੇ ਵਿਚ ਘਰ ਵਾਪਸ ਜਾਣ ਲਈ ਤਿਆਰ ਹੁੰਦੀਆਂ ਹਨ. ਉਹ ਆਉਂਦੇ ਨੇ ਅਤੇ ਆਪਣੀ list ਦੇ ਮੁਤਾਬਿਕ ਜਿਥੇ ਵੀ ਲਾਜ਼ਮੀ ਸਮਝਣ, ਜਾਂਦੇ ਨੇ ਅਤੇ ਉਨ੍ਹਾਂ ਚੁਣੀਆਂ ਰੂਹਾਂ ਨੂੰ ਘਰ ਲੈ ਤੁਰਦੇ ਹਨ.

ਇਸ ਲਈ ਜੋ ਇਨਸਾਨ ਸਾਡੇ ਜੀਵਨ ਵਿੱਚ ਇਕ ਪਰਮ ਸੰਤ ਸਤਿਗੁਰੂ ਦੇ ਰੂਪ ਵਿਚ ਆਉਂਦਾ ਹੈ, ਉਹ ਕਿੱਸੇ philosopher ਵਾਂਗ ਨਹੀਂ ਕਰਦਾ. ਉਹ ਸਾਡੇ ਦੋਸਤ ਬਣ ਜਾਣਗੇ . ਉਹ ਸਾਡੇ ਵਰਗੇ ਹੋ ਜਾਣਗੇ. ਉਹ ਸਾਡੇ ਵਾਂਗੂ ਹੀ ਸੋਚਣਗੇ. ਉਹ ਸਾਡੀਆਂ ਦਿਨ-ਪ੍ਰਤਿਦਿਨ ਦੀਆਂ ਸਮੱਸਿਆਵਾਂ ਨੂੰ ਆਪਣੀਆਂ ਸਮੱਸਿਆਵਾਂ ਵਾਂਗ ਨਜਿੱਠਣਗੇ. ਉਹ ਦੋਸਤ, ਸਲਾਹਕਾਰ, ਭੈਣ, ਭਰਾ ਬਣ ਕੇ ਆਉਂਦੇ ਹਨ. ਸਾਡੇ ਨਾਲ ਅਜਿਹਾ ਕੋਈ ਰਿਸ਼ਤਾ ਬਣਾ ਕੇ ਸਾਡੇ ਜਿਗੁਆਸੂਆਂ ਵਾਂਗ ਉਸੇ ਪੱਧਰ ਤੇ ਕੰਮ ਕਰਨਗੇ ਜਿਸ ਪੱਧਰ ਤੇ ਅਸੀਂ ਹੁੰਦੇ ਹਾਂ, ਕਿਉਂਕਿ ਉਹਨਾਂ ਦਾ ਉਦੇਸ਼ ਸਾਨੂੰ ਘਰ ਵਾਪਸ ਲੈ ਜਾਣਾ ਹੁੰਦਾ ਹੈ. ਜਿਵੇਂ ਜਿਵੇਂ ਅਸੀਂ ਉਨ੍ਹਾਂ ਬਾਰੇ ਹੋਰ ਜਾਣਦੇ ਹਾਂ ਤਾਂ ਪਤਾ ਲੱਗਦਾ ਹੈ ਉਹ ਇਕੋ ਹੀ ਤਰੀਕਾ ਵਰਤਦੇ ਨੇ ਜੋ ਉਨ੍ਹਾਂ ਨੇ ਸ੍ਰਿਸ਼ਟੀ ਦੇ ਪੂਰੇ ਇਤਿਹਾਸ ਦੌਰਾਨ ਵਰਤਿਆ. ਉਹ ਪ੍ਰੇਮ ਅਤੇ ਗੁਰਭਕਤੀ ਦਾ ਤਰੀਕਾ ਵਰਤਕੇ ਸਾਨੂ ਘਰ ਵਾਪਸ ਲੈ ਜਾਂਦੇ ਨੇ.

ਕੋਈ ਹੋਰ ਤਰੀਕਾ ਨਹੀਂ. ਹੋਰ ਸਾਰੇ ਤਰੀਕੇ, ਅਭਿਆਸ ਜਾਂ ਭਜਨ ਸਿਮਰਨ, ਰੂਹਾਨੀ ਅਨੁਸ਼ਾਸਨ, ਖੁਰਾਕ, ਹੋਰ ਨਿਯਮਾਂ ਦੀ ਪਾਲਣਾ ਕਰਨਾ, ਇਹ ਸਭ ਸਾਡੇ ਮਨ ਲਈ ਹੀ ਹਨ. ਸਾਡਾ ਮਨ ਨਿਯਮਾਂ ਨੂੰ ਪਸੰਦ ਕਰਦਾ ਹੈ. ਸਾਡੇ ਮਨ ਤਾਂ ਹੀ ਸਮਝਦਾ ਹੈ ਜਦੋਂ ਨਿਯਮਾਂ ਦੀ ਪਾਲਣਾ ਕਰਨ ਲਈ ਕਿਹਾ ਜਾਂਦਾ ਹੈ. ਇਸ ਲਈ ਉਹ ਸਾਡੇ ਮਨ ਲਈ ਨਿਯਮ ਬਣਾ ਦਿੰਦੇ ਹਨ ਤਾਂ ਜੋ ਮਨ ਸੰਤੁਸ਼ਟ ਹੋ ਸਕੇ. ਹੁਣ "ਇਹ ਇੱਕ ਰੂਹਾਨੀ ਰਾਹ ਦੀ ਤਰ੍ਹਾਂ ਲੱਗਦਾ ਹੈ. ਇਹ ਇੱਕ ਰਹੱਸਮਈ ਰਸਤੇ ਵਾਂਗ ਲਗਦਾ ਹੈ. ਮੈਂ ਇਸਦੀ ਪਾਲਣਾ ਕਰਨ ਲਈ ਸਹਿਮਤ ਹਾਂ. ਇਸ ਵਿਚ ਕੋਈ ਸੂਝ ਬੂਝ ਲਗਣੀ ਚਾਹੀਦੀ ਹੈ ." ਦਿਮਾਗ ਨੂੰ ਤਰਕ, ਸੂਝ ਬੂਝ ਪਸੰਦ ਹੈ. ਉਹ ਤੁਹਾਨੂੰ ਇਸ ਤਰਾਂ ਕਰਨ ਦੀ ਖੁਲ ਦੇਂਦੇ ਨੇ.

ਉਹ ਤੁਹਾਨੂੰ ਅਜਿਹਾ ਢਾਂਚਾ ਪ੍ਰਦਾਨ ਕਰਦੇ ਹਨ ਜਿਸ ਵਿਚ ਤੁਹਾਡੇ ਮਨ ਦੀ ਸੰਤੁਸ਼ਟੀ ਹੋ ਸਕੇ ਕਿਉਂਕਿ ਜੇਕਰ ਤੁਹਾਡਾ ਮਨ ਸੰਤੁਸ਼ਟ ਨਹੀਂ ਹੁੰਦਾ, ਤਾਂ ਰੂਹ ਜੋ ਲੱਖਾਂ ਸਾਲਾਂ ਤੋਂ ਮਨ ਵਿਚ ਫਸੀ ਹੋਈ ਹੈ, ਕਦੀ ਵੀ ਵਾਪਸ ਮੁੜ ਕੇ ਆਪਣੇ ਘਰ ਨਹੀਂ ਜਾਂ ਸਕਦੀ. ਮਨ ਸਾਰੇ ਪ੍ਰਸ਼ਨਾਂ ਦੇ ਉੱਤਰ ਹਮੇਸ਼ਾਂ ਬਾਹਰੋਂ ਹੀ ਲੱਭਣ ਦੀ ਕੋਸ਼ਿਸ਼ ਕਰਦਾ ਹੈ. ਉਹ ਬਾਹਰ ਸਥੂਲ ਸੰਸਾਰ ਵਿਚੋਂ ਜਵਾਬ ਲੱਭਦਾ ਹੈ. ਇਹ ਬੌਧਿਕ ਸੰਸਾਰ ਤੋਂ ਜਵਾਬ ਲੱਭਦਾ ਹੈ. ਉਹ ਤਰਕ ਦੇ ਸੰਸਾਰ ਵਿੱਚ ਤੋਂ ਜਵਾਬ ਲੱਭਦਾ ਹੈ. ਉਹ ਤਰਕਸ਼ੀਲਤਾ ਦੇ ਸੰਸਾਰ ਵਿੱਚ ਤੋਂ

ਜਵਾਬ ਲੱਭਦਾ ਹੈ, ਅਤੇ ਇਹ ਕਹਿਣ ਦੀ ਭਾਲ ਵਿਚ ਰਹਿੰਦਾ ਹੈ "ਇਹ ਸਹੀ ਲੱਗ ਰਿਹਾ ਹੈ, ਮੈਂ ਇਸ ਦਾ ਪਾਲਣ ਕਰਨ ਲਈ ਸਹਿਮਤ ਹਾਂ. ਜੇ ਇਹ ਸਹੀ ਨਹੀਂ ਲੱਗੇਗਾ ਤਾਂ ਮੈਂ ਇਸ ਦੀ ਪਾਲਣਾ ਨਹੀਂ ਕਰਾਂਗਾ. "

ਆਤਮਾ ਨੂੰ ਅਜਿਹੀ ਕੋਈ ਲੋੜ ਨਹੀਂ. ਸਾਡੀ ਅਸਲੀਅਤ ਨੂੰ ਅਜਿਹੀ ਕੋਈ ਲੋੜ ਨਹੀਂ. ਸਾਡਾ ਸੱਚ ਅਤੇ ਅਸਲੀਅਤ ਸਾਡੀ ਰੂਹ ਹੈ, ਸਾਡਾ ਮਨ ਨਹੀਂ. ਮਨ ਆਤਮਾ ਦੀ ਸੁਵਿਧਾ ਵਾਸਤੇ ਦਿੱਤਾ ਗਿਆ ਹੈ. ਮਨ ਨੂੰ ਇੱਕ ਬਹੁਤ ਹੀ ਵਧੀਆ ਮੰਤਵ ਲਈ ਵਰਤਿਆ ਗਿਆ ਜਿਸ ਰਾਹੀਂ ਇਹ ਰੂਹ ਆਪਣੇ ਆਪ ਨੂੰ ਪ੍ਰਸਾਰਿਤ ਕਰ ਸਕੇ, ਚੀਜਾਂ ਦਾ ਅਨੁਭਵ ਕਰ ਸਕੇ, ਸਮੇਂ ਅਤੇ ਸਥਾਨ ਦੀ ਹਕੀਕਤ ਦਾ ਅਨੁਭਵ ਕਰ ਸਕੇ. ਮਨ ਇਸ ਰੂਹ ਨੂੰ ਦਿੱਤਾ ਗਿਆ ਸਭ ਤੋਂ ਵੱਧ ਉਪਯੋਗੀ ਉਪਕਰਣ ਹੈ. ਜੇਕਰ ਰੂਹ, ਜੋ ਇਕ ਸ਼ੁੱਧ ਚੇਤਨਾ ਹੈ, ਜੋ ਕਿ ਸ਼ੁੱਧ ਰੌਸ਼ਨੀ ਹੈ, ਜੋ ਕਿ ਸਾਡਾ ਸ਼ੁੱਧ ਸਵੈ ਹੈ, ਕੋਲ ਮਨ ਵਰਗਾ ਇਕ ਅਜਿਹਾ ਸੁੰਦਰ ਉਪਕਰਣ ਹੋਵੇ, ਜੋ ਸਮੇਂ ਅਤੇ ਸਥਾਨ ਵਿਚ ਵੱਖ ਵੱਖ ਅਨੁਭਵ ਪੈਦਾ ਕਰ ਸਕੇ, ਹਰ ਅਨੁਭਵ ਨੂੰ ਇਕ ਕ੍ਰਮ ਵਿਚ ਲਗਾ ਸਕੇ, ਇਨਾਂ ਨੂੰ ਕਰਮਾਂ ਦੇ ਫਲਾਂ ਅਨੁਸਾਰ ਆਪਸ ਵਿਚ ਜੋੜ ਸਕੇ, ਤਾਂ ਇਹ ਬਹੁਤ ਸੋਹਣੀ ਚੀਜ਼ ਕਰ ਸਕਦਾ ਹੈ.

ਇੱਕ ਮਨ ਜਿਹੜਾ ਗਿਆਨ ਇੰਦਰੀਆਂ ਬਣਾ ਸਕਦਾ ਹੈ , ਇੱਕ ਮਨ ਜਿਹੜਾ ਇੱਕ ਸੂਕ੍ਸ਼੍ਮ ਸਰੀਰ ਅਤੇ ਇੰਦਰੀਆਂ ਦੀ ਪ੍ਰਣਾਲੀ ਬਣਾ ਸਕਦਾ ਹੈ, ਇੱਕ ਮਨ ਜਿਹੜਾ ਪਰਦਿਆਂ ਦਾ ਭੁਲੇਖਾ ਪਾ ਸਕੇ, ਸਵੈ ਉਤੇ ਭੌਤਿਕ ਸਰੀਰ ਦੇ ਪਰਦੇ ਦਾ ਭੁਲੇਖਾ, ਤਾਂ ਤੁਹਾਨੂੰ ਹੋਰ ਕੀ ਚਾਹੀਦਾ ਹੈ? ਇਹ ਰੂਹ ਨੂੰ ਦਿੱਤਾ ਗਿਆ ਸਭ ਤੋਂ ਵੱਧ ਜਾਦੂਈ ਉਪਕਰਣ ਜਾਂ ਯੰਤਰ ਹੈ! ਆਤਮਾ ਸ਼ੁੱਧ ਚੇਤਨਾ ਸੀ. ਆਤਮਾ ਜਿਸ ਚੀਜ ਨੂੰ ਚਾਹੇ ਉਸ ਬਾਰੇ ਚੇਤਨ ਹੋ ਸਕਦੀ ਹੈ. ਪਰ ਇਹ ਕਿਸ ਪ੍ਰਤੀ ਚੇਤਨ ਹੋਵੇਗੀ? ਜੇ ਆਤਮਾ ਕੋਲ ਇਹ ਯੰਤਰ ਨਾ ਹੁੰਦੇ ਤਾਂ ਉਸ ਦੇ ਆਲੇ-ਦੁਆਲੇ ਕਿਸ ਚੀਜ਼ ਦੀ ਰਚਨਾ ਹੋਣੀ ਸੀ, ਅਤੇ ਮਨ ਆਤਮਾ ਕੋਲ ਸਭ ਤੋਂ ਵਧੀਆ ਯੰਤਰ ਸੀ. ਮਨ ਨੇ ਅਨੁਭਵਾਂ ਲਈ ਇਹ ਸ਼ਾਨਦਾਰ ਮੌਕਾ ਪੈਦਾ ਕੀਤਾ, ਅਤੇ ਰੂਹ ਨੇ ਮਨ ਦੇ ਨਾਲ ਰਲ ਕੇ ਇਸਦਾ ਆਨੰਦ ਮਾਣਿਆ.

ਪਰ ਮਨ ਦੀਆਂ ਕੁਝ ਹੋਰ ਵੀ ਵਿਸ਼ੇਸ਼ਤਾਵਾਂ ਸਨ ਜਿਨ੍ਹਾਂ ਨੂੰ ਜਾਣ ਬੁੱਝ ਕੇ ਬਣਾਇਆ ਗਿਆ. ਕੁਝ ਹੋਰ ਲੱਛਣ ਨਕਾਰਾਤਮਕਤਾ ਜਾ negativity ਸਨ. ਹੋਰ ਲੱਛਣ ਸਨ ਲਗਾਵ ਦੀ ਇੱਛਾ, ਵੱਖੋ-ਵੱਖਰੇ ਅਨੁਭਵਾਂ ਦੀ ਇੱਛਾ, ਅਤੇ ਪਰਛਾਵਿਆਂ ਅਤੇ ਭੁਲੇਖਿਆਂ ਵਿਚ ਜਾਂ ਕੇ ਉਨਾਂ ਨੂੰ ਹਕੀਕਤ ਬਣਾ ਕੇ ਅਸਲੀਅਤ ਵਾਂਗ ਦੇਖਣ ਦੀ ਇੱਛਾ.

ਇਕ ਪੁਰਾਤਨ ਯੂਨਾਨੀ ਫ਼ਿਲਾਸਫ਼ਰ ਅਰਸਤੂ ਕਹਿੰਦਾ ਹੈ , "ਇੱਕ ਸ਼ੋਅ ਦਾ ਮਹੱਤਵ, ਇੱਕ ਡਰਾਮੇ ਦਾ ਮਹੱਤਵ, ਇੱਕ ਸਟੇਜ ਸ਼ੋਅ, (ਹੁਣ ਮੈਂ ਇਸ ਵਿਚ ਇੱਕ ਫ਼ਿਲਮ ਵੀ ਸ਼ਾਮਲ ਕਰ ਸਕਦਾ ਹਾਂ, ਜਿਸ ਨੂੰ ਅਸੀਂ ਦੇਖਣ ਜਾਂਦੇ ਹਾਂ ), ਇੱਕ ਸ਼ੋਅ ਦੇਖਣ ਦਾ ਮਹੱਤਵ, ਇਕ ਫ਼ਿਲਮ ਦੇਖਣ ਦਾ ਮਹੱਤਵ ਇਹ ਹੈ ਕਿ ਇਹ ਸਾਡੀਆਂ ਸਭ ਤੋਂ ਅੰਦਰੂਨੀ ਭਾਵਨਾ ਨੂੰ ਬਾਹਰ ਕੱਢ ਸਕਦਾ ਹੈ. "ਹਾਲਾਂਕਿ ਅਸੀਂ ਜਾਣਦੇ ਹਾਂ ਕਿ ਇਹ ਇੱਕ ਪਰਛਾਵਾਂ ਹੈ, ਹਾਲਾਂਕਿ ਅਸੀਂ ਜਾਣਦੇ ਹਾਂ ਕਿ ਇਹ ਲੋਕ ਸਿਰਫ ਅਦਾਕਾਰੀ ਕਰ ਰਹੇ ਹਨ, ਉਹ ਅਸਲੀ ਨਹੀਂ ਹਨ, ਇਹ ਅਸਲ ਨਹੀਂ ਹੈ, ਇਹ ਸਿਰਫ ਇਕ ਡਰਾਮਾ ਹੈ. ਇਹ ਜਾਣਨ ਦੇ ਬਾਵਜੂਦ ਕਿ ਇਹ ਸਿਰਫ ਅਦਾਕਾਰੀ ਹੈ, ਇਸ ਨਾਲ ਅਸਲੀ ਭਾਵਨਾਵਾਂ ਬਾਹਰ ਆਉਂਦੀਆਂ ਹਨ ਜਿਵੇਂ ਕਿ ਸੱਚ ਵਾਪਰ ਰਿਹਾ ਹੋਵੇ.

ਮਨ ਦੀ ਇਹ ਸਮਰੱਥਾ, ਕਿ ਪਤਾ ਹੁੰਦੇ ਹੋਏ ਵੀ ਕਿ ਇਹ ਸਿਰਫ ਇੱਕ ਸ਼ੋਅ ਹੈ, ਇਸਨੂੰ ਇੱਕ ਹਕੀਕਤ ਵਾਂਗ ਦੇਖਣਾ ਅਤੇ ਝੂਠੇ ਸ਼ੋਅ ਰਾਹੀਂ ਭਾਵਨਾਤਮਕ, ਬੌਧਿਕ ਅਤੇ ਆਤਮਿਕ ਭਾਵਨਾਵਾਂ ਦਾ ਅਨੁਭਵ ਕਰਨਾ, ਇਹ ਮਨ ਦੀ ਇੱਕ ਬਹੁਤ ਵਧੀਆ ਪ੍ਰਤਿਭਾ ਹੈ. ਇਹੀ ਕੁਝ ਮਨ ਕਰਦਾ ਹੈ! ਅਸੀਂ ਆਪਣੇ ਆਲੇ-ਦੁਆਲੇ ਹਕੀਕਤ ਪੈਦਾ ਕਰਨ ਦੇ ਯੋਗ ਹਾਂ. ਇਹ ਜਾਣਦੇ ਹੋਏ ਵੀ ਕਿ ਜੋ ਕੁਝ ਸਾਹਮਣੇ ਹੈ ਉਹ ਹੁਣੇ ਹੀ ਬਣਿਆ ਹੈ, ਅਸਾਂ ਨੇ ਇਸ ਨੂੰ ਇਨ੍ਹਾਂ ਅਸਲ ਸਮਝ ਲਿਆ ਤਾਂ ਜੋ ਅਸਲੀ ਰੂਹਾਨੀ, ਮਾਨਸਿਕ, ਇੰਦਰੀਆਂ ਅਤੇ ਭੌਤਿਕ ਤਜਰਬੇ ਹੋ ਸਕਣ

ਇਸ ਲਈ ਮਨ ਬਹੁਤ ਲਾਭਦਾਇਕ ਚੀਜ਼ ਸੀ, ਪਰ ਇਸਦਾ ਨਕਾਰਾਤਮਿਕ ਜਾਂ negative ਪੱਖ ਇਹ ਸੀ ਕਿ ਜੋ ਵੀ ਮਨ ਨੇ ਬਣਾਇਆ ਇਹ ਉਸ ਨਾਲ ਉਸ ਦਾ ਲਗਾਵ ਹੋ ਗਿਆ. ਲਗਾਵ ਦੁਆਰਾ, ਇਹ ਉਸ ਨਾਲ ਬੰਨ੍ਹਿਆ ਗਿਆ. ਮਨ ਨੇ ਇਕ ਮੱਕੜੀ ਦੇ ਜਾਲ ਵਾਂਗ ਆਪਣੇ ਆਪ ਲਈ ਲੱਗਭਗ ਇਕ ਜਾਲ ਜੇਹਾ ਬਣਾ ਲਿਆ. ਮਨ ਨੇ ਉਨ੍ਹਾਂ ਲਗਾਵਾਂ ਪ੍ਰਤੀ ਤਜਰਬੇ ਕਰਨੇ ਸ਼ੁਰੂ ਕਰ ਦਿਤੇ. ਮਨ ਨੂੰ ਇਸ ਲਗਾਵ ਵਿਚੋਂ ਕੱਢਣਾ ਮੁਸ਼ਕਿਲ ਹੋ ਗਿਆ. ਮਨ ਸੁਖਾਂ ਅਤੇ ਸੁਆਦਾਂ ਨੂੰ ਪਿਆਰ ਕਰਦਾ

ਸੀ. ਇਹ ਇੰਦਰੀਆਂ ਦੇ ਵੱਖੋ ਵੱਖਰੇ ਅਨੁਭਵਾਂ ਨੂੰ ਪਿਆਰ ਕਰਦਾ ਸੀ. ਇਸ ਲਈ, ਮਨ ਨੇ ਸਾਨੂੰ ਇਨਾਂ ਵੱਖ ਵੱਖ ਤਜ਼ਰਬਿਆਂ ਜੋ ਇਸ ਨੇ ਪੈਦਾ ਕੀਤੇ, ਉਨਾਂ ਨਾਲ ਬਾਰ ਬਾਰ ਬੰਨ੍ਹ ਦਿੱਤਾ. ਅਤੇ ਹੁਣ ਆਤਮਾ ਨੂੰ ਆਪਣੇ ਬਾਰੇ ਪਹਿਚਾਣ ਕਰਨੀ ਬਹੁਤ ਮੁਸ਼ਕਲ ਹੋ ਗਈ ਕਿਓਂ ਕਿ ਆਤਮਾ ਹਮੇਸ਼ਾਂ ਹੀ ਇਸ ਸ੍ਰਿਸ਼ਟੀ ਵਿਚ ਮਨ ਦੇ ਜਰਿਏ ਕੰਮ ਕਰਦੀ ਸੀ.

ਇਸ ਲਈ ਮਨ ਨਾਮ ਦੀ ਇਹ ਵਸਤੂ ਜੋ ਸਾਡੇ ਲਈ ਅਨੁਭਵਾਂ ਨੂੰ ਪੈਦਾ ਕਰਦੀ ਹੈ ਅਤੇ ਸਾਡਾ ਆਪਣਾ ਆਪ ਜੋ ਕਿ ਆਤਮਾ ਹੈ, ਜੋ ਕਿ ਚੇਤਨਾ ਦਾ ਪ੍ਰਤੀਕ ਹੈ, ਦੋ ਵੱਖੋ ਵੱਖ ਚੀਜਾਂ ਹਨ. ਸਾਡੀ ਆਤਮਾ ਵਿਚ ਅਜਿਹਾ ਕੁਝ ਨਹੀਂ ਹੈ ਜੋ ਸਮੇਂ, ਸਥਾਨ, ਕਾਰਨ, ਪ੍ਰਭਾਵ, ਕਰਮ, ਨੈਤਿਕਤਾ ਅਤੇ ਚੰਗੇ - ਬੁਰੇ ਨਾਲ ਸੰਬਧਿਤ ਹੈ. ਇਸ ਵਿਚ ਅਜਿਹਾ ਕੁਝ ਵੀ ਨਹੀਂ ਹੈ. ਸਾਡੀ ਰੂਹ ਸ਼ੁੱਧ ਚੇਤਨਾ ਹੈ, ਜਿਸ ਵਿਚ ਸਭ ਕੁਝ ਜਾਣਨ ਦੀ ਸਮਰੱਥਾ ਹੈ, ਜੋ ਕਿਸੇ ਵੀ ਚੀਜ ਜਿਸਨੂੰ ਉਹ ਚਾਹੇ ਉਸ ਬਾਰੇ ਚੇਤਨ ਹੋ ਸਕਦੀ ਹੈ. ਆਤਮਾਂ ਇਨ੍ਹਾਂ ਸਾਰਿਆਂ ਤਜਰਬਿਆਂ ਨੂੰ ਪੈਦਾ ਕਰਨ ਲਈ ਮਨ ਦੀ ਵਰਤੋਂ ਕਰਦੀ ਹੈ. ਇਸ ਲਈ ਮਨ ਨਾਮ ਦੇ ਇਸ ਯੰਤਰ ਨੇ ਸਾਡੇ ਲਈ ਇੱਕ ਛੋਟੀ ਜਿਹੀ ਸਮੱਸਿਆ ਪੈਦਾ ਕਰ ਦਿੱਤੀ ਹੈ. ਸਮੱਸਿਆ ਇਹ ਕਿ ਅਸੀਂ ਆਪਣੇ ਆਪ ਨੂੰ ਮਨ ਸਮਝਣ ਲਗ ਪਏ.

ਅਸੀਂ ਨਹੀਂ ਸੋਚਦੇ ਹਾਂ ਕਿ ਅਸੀਂ ਆਤਮਾ ਜਾਂ ਚੇਤਨਾ ਹਾਂ. ਅਸੀਂ ਆਪਣੇ ਆਪ ਨੂੰ ਮਨ ਸਮਝਦੇ ਹਾਂ. philosophers ਕਹਿੰਦੇ ਹਨ, "ਮੈਂ ਸੋਚਦਾ ਹਾਂ, ਇਸ ਲਈ ਮੈਂ ਹਾਂ." ਇਹ ਬਿਲਕੁਲ ਵੀ ਸਹੀ ਨਹੀਂ. ਬਲਕਿ ਸੱਚ ਇਸ ਤਰਾਂ ਹੈ "ਮੈਂ ਹਾਂ ਇਸ ਲਈ ਮੇਰੇ ਕੋਲ ਮਨ ਹੈ ਅਤੇ ਮੈਂ ਸੋਚ ਸਕਦਾ ਹਾਂ". ਮਨ ਦੀ ਵਰਤੋਂ ਕਰ ਕੇ ਹੀ ਤੁਸੀਂ ਸੋਚ ਸਕਦੇ ਹੋ. ਇਹ ਨਹੀਂ ਹੈ ਕਿ ਚੇਤਨਾ ਖੁਦ ਹੀ ਸੋਚਦੀ ਹੈ. ਚੇਤਨਾ ਨੂੰ ਇਕ ਯੰਤਰ ਦੀ ਜ਼ਰੂਰਤ ਹੁੰਦੀ ਹੈ ਅਤੇ ਉਹ ਯੰਤਰ ਹੈ ਮਨ. ਪਰ ਅਸੀਂ ਆਪਣੇ ਆਪ ਨੂੰ ਮਨ ਨਾਲ ਜੋੜਕੇ ਪਛਾਣਦੇ ਹਾਂ, ਅਸੀਂ ਸੋਚਦੇ ਹਾਂ ਕਿ ਅਸੀਂ ਇਕ ਸੋਚਣ ਵਾਲੀ ਮਸ਼ੀਨ ਹਾਂ, ਇਸ ਲਈ ਸੋਚਣ ਵਾਲੀ ਮਸ਼ੀਨ ਸਾਡਾ ਆਪਣਾ ਆਪ ਹੈ, ਜਿਸ ਕਾਰਣ ਅਸੀਂ ਮਨ ਦੁਆਰਾ ਪੈਦਾ ਹੋਈਆਂ ਉਨਾਂ ਸਾਰੀਆਂ ਮੁਸ਼ਕਿਲਾਂ ਵਿਚ ਫੱਸ ਜਾਂਦੇ ਹਾਂ ਜਿਨ੍ਹਾਂ ਨੂੰ ਮਨ ਨੇ ਇੱਛਾ ਅਤੇ ਲਗਾਵ ਕਰਕੇ ਪੈਦਾ ਕੀਤਾ.

ਮਹਾਤਮ ਬੁੱਧ ਨੇ ਕਿਹਾ ਕਿ "ਮਨੁੱਖ ਦੀਆਂ ਸਾਰੀਆਂ ਦੁਖ-ਤਕਲੀਫਾਂ ਦੀ ਜੜ੍ਹ ਇੱਛਾ ਅਤੇ ਲਗਾਵ ਹੈ ." ਇਨ੍ਹਾਂ ਨਾਲ ਹੋਰ ਕੁਝ ਵੀ ਸੰਭਵ ਨਹੀਂ. ਇਨ੍ਹਾਂ ਸਭ ਨੂੰ ਮਨ ਨੇ ਬਣਾਇਆ. ਮਨ ਇਨ੍ਹਾਂ ਸਭ ਦੇ ਪਿਛੇ ਹੈ. ਮਨ ਨੇ ਅਨੁਭਵ ਪੈਦਾ ਕਰਨ ਤੋਂ ਬਾਹਦ ਇਨ੍ਹਾਂ ਹੀ ਅਨੁਭਵਾਂ ਦੀ ਚਾਹਤ ਕੀਤੀ ਅਤੇ ਫਿਰ ਉਹਨਾਂ ਨਾਲ ਜੁੜ ਗਿਆ. ਅਤੇ ਅਸੀਂ ਇਨ੍ਹਾਂ ਅਨੁਭਵਾਂ ਵੱਲ ਮੁੜ ਬਾਰ ਬਾਰ ਖਿੱਚ ਚਲੇ ਜਾਂਦੇ ਹਾਂ.

ਅਸੀਂ ਆਪਣੇ ਆਪ ਨੂੰ ਮਨ ਸਮਝਦੇ ਹਾਂ, ਸਿਰਫ ਮਨ ਹੀ ਨਹੀਂ ਬਲਕਿ ਅਸੀਂ ਸਮਝਦੇ ਹਾਂ ਕਿ ਇਹ ਗਿਆਨ ਇੰਦਰੀਆਂ ਜੋ ਮਨ ਲਈ ਕੰਮ ਕਰਦੀਆਂ ਹਨ ਇਹ ਸਾਡਾ ਆਪਣਾ ਆਪ ਹੈ, ਕਿ ਸੰਸਾਰ ਕੇਵਲ ਉਹ ਹੀ ਹੈ ਜੋ ਅਸੀਂ ਮਹਿਸੂਸ ਕਰਦੇ ਹਾਂ ਅਤੇ ਇਥੇ ਹੋਰ ਕੁਝ ਵੀ ਨਹੀਂ. ਅਸੀਂ ਸਮਝਦੇ ਹਾਂ ਕਿ ਇਥੇ ਉਹੀ ਹੈ ਜਿਸਨੂੰ ਅਸੀਂ ਗਿਆਨ ਇੰਦਰੀਆਂ ਨਾਲ ਮਹਿਸੂਸ ਕਰਦੇ ਹਾਂ

ਸਿਰਫ ਇਹ ਹੀ ਨਹੀਂ, ਬਲਕਿ ਇਹ ਗਿਆਨ ਇੰਦਰੀਆਂ ਇਸ ਸਥੂਲ ਸਰੀਰ ਵਿਚ ਹੋ ਕੇ ਕਮ ਕਰਦੀਆਂ ਹਨ. ਅਸੀਂ ਆਪਣੇ ਆਪ ਨੂੰ ਅਸਲੀਅਤ ਤੋਂ ਤਿੰਨ ਕਦਮ ਦੂਰ ਸਮਝਦੇ ਹਾਂ. ਸਾਨੂੰ ਆਪਣੇ ਬਾਰੇ ਨਹੀਂ ਪਤਾ ਕਿਓਂ ਕਿ ਅਸੀਂ ਆਪਣੇ ਆਪ ਨੂੰ ਮਨ ਸਮਝਦੇ ਹਾਂ. ਗ਼ਲਤ. ਅਸੀਂ ਸੋਚਦੇ ਹਾਂ ਕਿ ਗਿਆਨ ਇੰਦਰੀਆਂ ਹੀ ਸੰਸਾਰ ਨੂੰ ਉਤਪੰਨ ਕਰ ਰਹੀਆਂ ਹਨ, ਇਸ ਲਈ, ਅਸੀਂ ਇਹ ਇੰਦਰੀਆਂ ਹਾਂ. ਗ਼ਲਤ ਕਿਉਂਕਿ ਇਹ ਗਿਆਨ ਇੰਦਰੀਆਂ ਸਥੂਲ ਸਰੀਰ ਵਿਚ ਹਨ ਜਿਹੜਾ ਇਸ ਪ੍ਰਣਾਲੀ ਦੇ ਬਾਹਰ ਹੈ, ਇਸਲਈ, ਅਸੀਂ ਸਥੂਲ ਸਰੀਰ ਹਾਂ. ਗ਼ਲਤ.

ਅਸੀਂ 3 ਵੱਡੀਆਂ ਗ਼ਲਤੀਆਂ ਕਰ ਰਹੇ ਹਾਂ, ਅਤੇ ਇਹਨਾਂ 3 ਵੱਡੀਆਂ ਗ਼ਲਤੀਆਂ ਕਰਕੇ ਅਸੀਂ ਆਪਣੇ ਆਪ ਤੋਂ ਦੂਰ ਚਲੇ ਗਏ ਅਤੇ ਅਸੀਂ ਨਹੀਂ ਜਾਣਦੇ ਕਿ ਅਸੀਂ ਕੌਣ ਹਾਂ. ਇਹ ਬਹੁਤ ਚੰਗੀ ਗੱਲ ਹੈ ਕਿ ਇਹਨਾਂ ਸਥੂਲ ਚੀਜ਼ਾਂ ਵਿਚ, ਜੋ ਸਾਨੂੰ ਜਕੜ ਕੇ ਰਖਦੀਆਂ ਹਨ, ਉਹ ਸਥੂਲ ਅਨੁਭਵ ਵੀ ਸ਼ਾਮਿਲ ਹੈ ਜੋ ਸਾਨੂੰ ਆਪਣੇ ਆਪ ਦੇ ਗਿਆਨ ਵਿਚ ਵਾਪਸ ਲਿਜਾ ਸਕਦਾ ਹੈ. ਅਤੇ ਇਸ ਸਥੂਲ ਅਨੁਭਵ ਵਿਚ ਉਹ ਕਿਹੜੀ ਚੀਜ ਹੈ?

ਇੱਕ ਸਾਡੇ ਹੀ ਤਰਾਂ ਦਾ ਮਨੁੱਖ, ਜੋ ਇੱਕ ਪੂਰਨ ਸੰਤ ਸਤਿਗੁਰੂ ਦੇ ਰੂਪ ਵਿੱਚ ਆਉਂਦਾ ਹੈ ਅਤੇ ਸਾਨੂੰ ਆਪਣੇ ਆਪ ਦੇ ਗਿਆਨ ਵਿਚ ਵਾਪਸ ਲੇਜਾਂਦਾ ਹੈ. ਇੱਕ ਪੂਰਨ ਸੰਤ ਸਤਿਗੁਰੂ ਇਹ ਕਦੇ ਨਹੀਂ ਕਹਿੰਦਾ, "ਮੇਰੇ ਪਿੱਛੇ ਚੱਲੋ, ਇਸ ਸੰਸਾਰ ਵਿਚ ਮੇਰੇ ਪਿੱਛੇ ਚੱਲੋ." ਉਹ ਕਹਿੰਦਾ ਹੈ, "ਆਪਣੇ ਅੰਦਰ ਜਾਓ ." ਉਹ ਕਹਿੰਦਾ ਹੈ, "ਮੈਂ ਸਿਰਫ ਤੁਹਾਡੀ ਚੇਤਨਾ ਦਾ ਪ੍ਰਤੀਬਿੰਬ ਹਾਂ." ਇੱਕ ਪੂਰਨ ਸੰਤ ਸਤਿਗੁਰੂ ਦੀ ਆਪਣੀ ਕੋਈ ਪਛਾਣ ਨਹੀਂ ਹੁੰਦੀ. ਉਹ ਬਾਕੀ ਦੀ ਰਚਨਾ ਵਾਂਗ ਹੀ ਪ੍ਰਗਟ ਹੁੰਦਾ ਹੈ .. ਪਰ ਇੱਕ ਫਰਕ ਹੈ. ਇੱਕ ਪੂਰਨ ਸੰਤ ਸਤਿਗੁਰੂ ਵਿਚ ਉਹ ਚੇਤਨਾ ਹੁੰਦੀ ਹੈ, ਜੋ ਕਿ ਸਾਡੀ ਆਪਣੀ ਕੁਲ ਚੇਤਨਾ ਹੈ. ਇਹ ਇੱਕ ਬਹੁਤ ਵੱਡੀ ਗੱਲ ਹੈ, ਕਿ ਅਸੀਂ ਇੱਕ ਸ਼ੋਅ ਸਥਾਪਤ ਕਰ ਸਕਦੇ ਹਾਂ, ਅਸੀਂ ਸ਼ੋਅ ਦੇ ਕਿਰਦਾਰ ਨਿਰਧਾਰਿਤ ਕਰ ਸਕਦੇ ਹਾਂ, ਅਤੇ ਇਕ ਅਜਿਹੇ ਕਿਰਦਾਰ ਦੀ ਸਥਾਪਨਾ ਕਰ ਸਕਦੇ ਹਾਂ ਜਿਸ ਕੋਲ ਸਾਰਾ ਗਿਆਨ ਹੈ, ਜਿਸ ਕੋਲ ਸਾਰੇ ਸ਼ੋਅ ਦੇ ਅਸਲੀ ਸਿਰਜਨਹਾਰ ਦੀ ਚੇਤਨਾ ਹੈ, ਅਤੇ ਉਹ ਵੀ ਇੱਕ ਕਿਰਦਾਰ ਹੀ ਹੈ.

ਕਦੇ ਕਦੇ ਅਸੀਂ ਕੈਨਟਰਬਰੀ ਟੇਲਸ ਨਾਂ ਦੇ ਸਾਹਿਤਕ ਲੇਖਾਂ ਤੋਂ ਉਦਾਹਰਨ ਦਿੰਦੇ ਹਾਂ. ਤੁਹਾਡੇ ਵਿੱਚੋਂ ਕੁਝ ਨੇ ਮੇਰੇ ਤੋਂ ਪਹਿਲਾਂ ਇਹ ਕਹਾਣੀ ਸੁਣੀ ਹੋਵੇਗੀ. ਕੁਝ ਨੇ ਸ਼ਾਇਦ ਨਹੀਂ ਸੁਣੀ ਹੋਵੇ ਕਿ ਇੱਕ ਅੰਗਰੇਜੀ ਲੇਖਕ ਜੈਫਰੀ ਚੌਸਰ ਨੇ 'ਦਿ ਕੈਨਟਰਬਰੀ ਟੇਲਸ' ਨਾਮ ਦੀ ਇੱਕ ਕਿਤਾਬ ਲਿਖੀ ਹੈ. ਇਹ 20 ਜਾਂ 30 ਤੀਰਥ ਯਾਤਰੂਆਂ ਦੀ ਕਹਾਣੀ ਹੈ, ਜੋ ਕੈਨਟਰਬਰੀ ਜਾ ਰਹੇ ਸਨ. ਇਹ ਕਹਾਣੀ 17ਵੀਂ ਸਦੀ ਵਿਚ ਲਿਖੀ ਗਈ ਸੀ, ਉਦੋਂ ਆਵਾਜਾਈ ਦਾ ਕੋਈ ਆਸਾਨ ਸਾਧਨ ਨਹੀਂ ਸੀ ਹੁੰਦਾ. ਇਸ ਲਈ ਉਹ ਘੋੜੇ, ਛੋਟੇ ਬੱਗੀਆਂ, ਛੋਟੇ ਗੱਡੇ ਅਤੇ ਪੈਦਲ ਹੀ ਤੀਰਥ-ਯਾਤਰਾ ਕਰ ਰਹੇ ਸਨ. ਯਾਤਰੂਆਂ ਦਾ ਪੂਰਾ ਟੋਲਾ ਪੈਦਲ ਹੀ ਸਫਰ ਕਰ ਰਿਹਾ ਸੀ. ਕੈਨਟਰਬਰੀ ਬਹੁਤ ਦੂਰ ਸੀ ਅਤੇ ਉਥੇ ਤੱਕ ਪਹੁੰਚਣ ਲਈ ਕਈ ਦਿਨ ਲੱਗ ਜਾਂਦੇ ਸਨ. ਉਹ ਇਕ-ਦੂਜੇ ਨੂੰ ਕਹਾਣੀਆਂ ਸੁਣਾਉਂਦੇ ਹਨ, ਗਾਣੇ - ਕਵਿਤਾਵਾਂ ਗਾਉਂਦੇ ਹਨ. ਉਹ ਜਦੋਂ ਉਹ ਇਹ ਸਭ ਕਰ ਰਹੇ ਰਹੇ ਸੀ, ਤਾਂ ਜੈਫਰੀ ਚੌਸਰ ਨੇ ਪੂਰੀ ਕਹਾਣੀ ਲਿਖੀ.

ਚੌਸਰ ਆਪਣੇ ਆਪ ਨੂੰ ਵੀ ਇੱਕ ਕਿਰਦਾਰ ਵਜੋਂ ਪੇਸ਼ ਕਰਦਾ ਹੈ. ਉਹ ਵੀ ਯਾਤਰੂਆਂ ਦੇ ਟੋਲੇ ਨਾਲ ਚੱਲ ਰਿਹਾ ਹੈ ਅਤੇ ਸ਼ਰਧਾਲੂਆਂ ਦੇ ਵਿਚਕਾਰ ਹੀ ਰਹਿੰਦਾ ਹੈ. ਉਹ ਤੀਰਥ ਯਾਤਰੀ ਕੁਝ ਅਜਿਹੀਆਂ ਕਵਿਤਾਵਾਂ ਕਹਿੰਦੇ ਹਨ ਜਿਨ੍ਹਾਂ ਨੂੰ ਅਸੀਂ ਅੰਗਰੇਜ਼ੀ ਸਾਹਿਤ ਵਿੱਚ ਬਹੁਤ ਵਧੀਆ ਮੰਨਦੇ ਹਾਂ. ਉਹ ਇੱਕ ਕਿਰਦਾਰ ਦੇ ਚਰਿੱਤਰ ਨੂੰ ਕੁਝ ਸ਼ਾਨਦਾਰ ਢੰਗ ਨਾਲ ਵਰਣਨ ਕਰਦੇ ਨੇ. ਇਸ ਕਰਕੇ, ਅਸੀਂ ਚੌਸਰ ਨੂੰ "ਮਾਡਰਨ ਨਾਵਲ ਦਾ ਜਨਮਦਾਤਾ" ਕਹਿੰਦੇ ਹਾਂ. ਉਸ ਤੋਂ ਪਹਿਲਾਂ ਕੋਈ ਨਾਵਲ ਨਹੀਂ ਸੀ. ਉਸ ਨੇ ਕਿਰਦਾਰਾਂ ਦਾ ਚਰਿੱਤਰ ਨਿਰਮਾਣ ਕੀਤਾ ਕਿਉਂਕਿ ਇਸ ਤੋਂ ਪਹਿਲਾਂ ਕਿਰਦਾਰਾਂ ਦੇ ਨਾਮ ਤੇ ਸਿਰਫ ਇਕ ਰਾਜਾ ਅਤੇ ਇਕ ਰਾਣੀ ਹੁੰਦੇ ਸਨ ਅਤੇ ਹਰ ਰਾਜਾ ਅਤੇ ਰਾਣੀ ਇੱਕੋ ਜਿਹੇ ਹੁੰਦੇ ਸਨ.ਉਸ ਤੋਂ ਪਹਿਲਾਂ ਦੀਆਂ ਸਾਰੀਆਂ ਸਾਰੀਆਂ ਕਹਾਣੀਆਂ ਵਿਚ, ਹਰ ਰਾਜਾ ਇਕ ਰਾਜੇ ਵਰਗਾ ਹੁੰਦਾ ਸੀ, ਹਰ ਰਾਨੀ ਇਕ ਰਾਨੀ ਵਰਗੀ ਹੁੰਦੀ ਸੀ, ਹਰ ਆਮ ਆਦਮੀ ਇਕ ਆਮ ਆਦਮੀ ਵਰਗਾ ਹੁੰਦਾ ਸੀ. ਜੋ ਨਾਮ ਤੁਸੀਂ ਕਿਰਦਾਰ ਨੂੰ ਦਿੰਦੇ, ਉਹ ਉਸ ਵਰਗਾ ਹੀ ਹੁੰਦਾ.

ਪਰ ਚੌਸਰ ਨੇ ਹਰ ਕਿਰਦਾਰ ਨੂੰ ਵਿਸ਼ੇਸ਼ ਖੂਬੀਆਂ ਦਿੱਤੀਆਂ, ਜਿਸ ਨੂੰ ਉਸ ਨੇ ਚਰਿੱਤਰ ਨਿਰਮਾਣ ਕਿਹਾ. ਉਦਾਹਰਣ ਵਜੋਂ, ਇਕ ਵਕੀਲ ਹੁੰਦਾ ਹੈ, ਤੀਰਥ ਯਾਤਰੂਆਂ ਵਿਚ ਇਕ ਵਕੀਲ ਵੀ ਸੀਗਾ. ਚੌਸਰ ਉਸ ਬਾਰੇ ਜਾਣਕਾਰੀ ਦਿੰਦੇ ਹੋਏ ਕਹਿੰਦਾ ਹੈ "ਉਸ ਨਾਲੋਂ ਜ਼ਿਆਦਾ ਵਿਅਸਤ ਵਿਅਕਤੀ ਕੋਈ ਨਹੀਂ ਹੋਵੇਗਾ (ਇਹਨਾਂ ਵਿਚ ਪੁਰਾਤਨ ਅੰਗ੍ਰੇਜ਼ੀ ਦੇ ਸ਼ਬਦਾਂ ਦਾ ਇਸਤੇਮਾਲ ਹੈ) . ਉਹ ਅੱਜਕਲ ਦੇ ਵਕੀਲਾਂ ਵਾਂਗ ਹੀ ਲਗਦਾ ਹੈ. ਇਹ ਚਰਿੱਤਰ ਨਿਰਮਾਣ ਸੀ.

ਉਸ ਨੇ ਇਕ ਔਰਤ, ਇਕ ਪਤਨੀ ਦਾ ਜ਼ਿਕਰ ਕੀਤਾ ਹੈ ਜੋ ਬਾਥ ਤੋਂ ਯਾਤਰਾ ਲਈ ਆਈ ਸੀ. ਬਾਥ ਇੰਗਲੈਂਡ ਦਾ ਇਕ ਸ਼ਹਿਰ ਹੈ. ਉਹ ਕਹਿੰਦਾ ਹੈ, "ਬਾਥ ਤੋਂ ਇਕ ਸੀ ਇਕ ਪਤਨੀ. Church ਵਿਸ ਪਤੀ ਉਸਦੇ ਸੀ ਪੰਜ. ਜਵਾਨੀ ਵੇਲੇ ਵੀ ਉਸ ਦੇ ਸੀ ਸਾਥੀ ਕਈ ਪਰ ਚੌਸਰ ਕਹਿੰਦਾ ਹੈ ਕਿ ਮੈਂ ਉਨ੍ਹਾਂ ਬਾਰੇ ਗੱਲ ਨਹੀਂ ਕਰਾਂਗਾ. ਕਿਸੇ ਕਿਰਦਾਰ ਦੇ ਚਰਿੱਤਰ ਦਾ ਅਜਿਹਾ ਨਿਰਮਾਣ ਇਸ ਤੋਂ ਪਹਿਲਾਂ ਕਦੀ ਵੀ ਦੇਖਣ ਨੂੰ ਨਹੀਂ ਸੀ ਮਿਲਿਆ. ਇਹ ਕਿਸੇ ਆਧੁਨਿਕ ਨਾਵਲ ਦੀ ਕਥਾ ਲਗਦੀ ਹੈ, ਜਿਵੇਂ ਤੁਸੀਂ ਨਵੀਆਂ ਅਜੋਕੀਆਂ ਕਹਾਣੀਆਂ ਅਤੇ ਫਿਲਮਾਂ ਵਿਚ ਦੇਖਦੇ ਹੋ. ਇਸ ਲਈ ਚੌਸਰ ਇੱਕ ਚਰਿੱਤਰ ਲੇਖਕ ਦੇ ਰੂਪ ਵਿੱਚ ਜਾਣਿਆ ਜਾਂਦਾ ਹੈ. ਉਸਨੇ ਚਰਿੱਤਰਾਂ ਦਾ ਬਖੂਬੀ ਨਿਰਮਾਣ ਕੀਤਾ ਅਤੇ ਆਪਣੇ ਆਪ ਨੂੰ ਵੀ ਇਕ ਕਿਰਦਾਰ ਦੇ ਰੂਪ ਵਿਚ ਪੇਸ਼ ਕੀਤਾ, ਚੌਸਰ ਇਕ

ਕਿਰਦਾਰ.

ਲੇਖਕ ਚੌਸਰ ਹੁਣ ਕਿਰਦਾਰ ਚੌਸਰ ਬਣ ਗਿਆ ਹੈ ਅਤੇ ਉਹ ਵੀ ਬਾਕੀ ਤੀਰਥ ਯਾਤਰੂਆਂ ਨਾਲ ਚੱਲ ਰਿਹਾ ਹੈ. ਉਹ ਸਾਰੇ ਕਹਾਣੀਕਾਰ, ਉਹ ਸਾਰੇ ਸ਼੍ਰੇਸ਼ਠ ਕਵੀ ਕਿਰਦਾਰ ਚੌਸਰ ਨੂੰ ਕਹਿੰਦੇ ਹਨ, "ਚੱਲ, ਹੁਣ ਤੂੰ ਵੀ ਸਾਨੂੰ ਕੋਈ ਕਹਾਨੀ ਸੁਣਾ. ਸਾਨੂੰ ਕੋਈ ਕਵਿਤਾ ਸੁਣਾ." ਚੌਸਰ ਜਵਾਬ ਦਿੰਦਾ ਹੈ, "ਮੈਂ ਤਾਂ ਕੋਈ ਕਵਿਤਾ ਜਾਣਦਾ ਹੀ ਨਹੀਂ". ਇੱਕ ਵਿਅਕਤੀ ਜਿਸਨੇ ਸਾਰੀ ਕਿਤਾਬ ਲਿਖੀ ਹੈ, ਉਹ ਵਿਅਕਤੀ ਜਿਸ ਨੇ ਹਰ ਇੱਕ ਕਿਰਦਾਰ ਦਾ ਹਰ ਹਿੱਸਾ ਲਿਖਿਆ ਹੈ, ਜਦੋਂ ਉਹ ਇੱਕ ਕਿਰਦਾਰ ਬਣਦਾ ਹੈ ਤਾਂ ਉਹ ਕਹਿੰਦਾ ਹੈ , "ਮੈਂ ਕੁਝ ਜਾਣਦਾ ਹੀ ਨਹੀਂ". ਉਹ ਕਹਿੰਦੇ ਹਨ, "ਇਹ ਸਹੀ ਨਹੀਂ ਹੈ, ਅਸੀਂ ਜਾਣਦੇ ਹਾਂ ਕਿ ਤੂੰ ਇੱਕ ਚੰਗਾ ਲੇਖਕ ਹੈਂ." ਉਹ ਕਹਾਣੀ ਵਿੱਚ ਵੀ ਉਸ ਦੀ ਪਛਾਣ ਕਰਵਾ ਦਿੰਦੇ ਹਨ. "ਅਸੀਂ ਜਾਣਦੇ ਹਾਂ ਕਿ ਤੂੰ ਇਕ ਚੰਗਾ ਲੇਖਕ ਹੈਂ, ਅਤੇ ਅਸੀਂ ਜਾਣਦੇ ਹਾਂ ਕਿ ਤੁਸੀਂ ਇੱਕ ਚੰਗਾ ਕਵੀ ਹੋ ਸਕਦਾ ਹੈਂ. ਚੱਲ, ਸਾਨੂੰ ਚੰਗੀ ਕਵਿਤਾ ਸੁਨਾ."

ਅਤੇ ਫੇਰ ਚੌਸਰ, ਉਸ ਕੈਨਟਰਬਰੀ ਟੇਲਸ ਨਾਂ ਦੀ ਕਿਤਾਬ ਦਾ ਇਕ ਕਿਰਦਾਰ, ਸਾਰੀ ਕਿਤਾਬ ਦੀ ਸਭ ਤੋਂ ਘਟੀਆ ਕਵਿਤਾ ਕਹਿੰਦਾ ਹੈ. ਇਹ ਸਾਰੀ ਕਿਤਾਬ ਦੀ ਸਭ ਤੋਂ ਘਟੀਆ ਕਵਿਤਾ ਹੈ. ਉਸ ਨੂੰ ਇਸ ਬਾਰੇ ਪਤਾ ਹੁੰਦੇ ਹੋਏ ਬਾਕੀ ਦੇ ਪਾਤਰ ਉਸ ਦੀ ਆਲੋਚਨਾ ਕਰਦੇ ਹਨ. "ਓ, ਨਹੀਂ, ਸਾਨੂੰ ਤੇਰੇ ਤੋਂ ਕੁਝ ਬਿਹਤਰ ਦੀ ਉਮੀਦ ਸੀ." ਸਵਾਲ ਪੁੱਛਿਆ ਗਿਆ ਹੈ, "ਪੁਸਤਕ ਦੇ ਲੇਖਕ ਚੌਸ਼ਰ, ਜਦੋਂ ਉਹ ਇਕ ਪਾਤਰ ਬਣ ਗਿਆ, ਤਾਂ ਉਸ ਨੇ ਆਪਣੇ ਆਪ ਨੂੰ ਇੰਨੀ ਨੀਵੇਂ ਪਧਰ ਤੇ ਕਿਉਂ ਰੱਖਿਆ ਕਿ ਉਸ ਦੇ ਆਪਣੇ ਹੈ ਕਿਰਦਾਰ ਉਸ ਦਾ ਮਖੌਲ ਉਡਾ ਸਕਣ?

ਅਸਲ ਵਿਚ ਇਹ Jesus Christ ਦੀ ਤਰਾਂ ਹੈ, ਉਹ ਜੋ ਆਪਣੇ ਪਿਤਾ, ਸਿਰਜਣਹਾਰ ਦਾ ਪੁਤਰ ਸੀ, ਉਸ ਨਾਲ ਇੱਕਮਿਕ ਸੀ ਅਤੇ ਉਸ ਨੂੰ ਉਸਦੀ ਆਪਣੀ ਸਿਰਜਣਾ ਨੇ ਹੀ ਸੂਲੀ ਤੇ ਚੜ੍ਹਾ ਦਿੱਤਾ ! ਚੌਸਰ ਦੇ ਆਪਣੇ ਪਾਤਰਾਂ ਨੇ, ਜਿਨ੍ਹਾਂ ਦਾ ਉਸ ਨੇ ਖੁਦ ਨਿਰਮਾਣ ਕੀਤਾ ਸੀ, ਨੇ ਚੋਸਰ ਨਾਲ ਕਾਫ਼ੀ ਬੇਇਨਸਾਫ਼ੀ ਕੀਤੀ. ਚੋਸਰ ਨੇ ਅਜਿਹਾ ਕਿਉਂ ਕੀਤਾ? ਉਸਨੇ ਇਹ ਇਸ ਲਈ ਕੀਤਾ , ਕਿਉਂਕਿ, ਇਸ ਦੇ ਬਾਵਜੂਦ ਕਿ ਚੌਸਰ , ਜਿਸਨੇ ਇਕ ਕਿਰਦਾਰ ਦੇ ਰੂਪ ਵਿਚ ਬਹੁਤ ਹੀ ਘਟੀਆ ਕਵਿਤਾ ਪੜ੍ਹੀ, ਉਹ ਚੋਸਰ ਖੁਦ ਹੀ ਲੇਖਕ ਸੀ ਜਿਸ ਨੇ ਇਹ ਸਾਰੀਆਂ ਕਵਿਤਾਵਾਂ ਲਿਖੀਆਂ.

ਜਦੋਂ ਪੂਰਨ ਸੰਤ ਸਤਿਗੁਰੂ ਇਸ ਸੰਸਾਰ ਵਿੱਚ ਆਉਂਦੇ ਨੇ, ਉਹ ਚੌਂਸਰ ਦੇ ਰੂਪ ਵਿੱਚ ਆਉਂਦੇ ਹਨ. ਉਹ ਆਉਂਦੇ ਹਨ, ਅਤੇ ਉਹ ਉਹੀ ਪੱਧਰ ਦੇ ਬਣ ਜਾਂਦੇ ਹਨ. ਉਨ੍ਹਾਂ ਦਾ ਮਖੌਲ ਉਡਾਇਆ ਜਾ ਸਕਦਾ ਹੈ. ਉਨ੍ਹਾਂ ਦੀ ਆਲੋਚਨਾ ਕੀਤੀ ਜਾ ਸਕਦੀ ਹੈ. ਉਨ੍ਹਾਂ ਨੂੰ ਸੂਲ਼ੀ ਤੇ ਟੰਗਿਆ ਜਾ ਸਕਦਾ ਹੈ. ਲੋਕ ਉਨ੍ਹਾਂ ਤੇ ਦੋਸ਼ ਲਾ ਸਕਦੇ ਹਨ. ਲੋਕ ਉਨ੍ਹਾਂ ਨੂੰ ਅਦਾਲਤਾਂ ਵਿਚ ਲਿਜਾ ਸਕਦੇ ਹਨ. ਉਨ੍ਹਾਂ ਨੂੰ ਇਹ ਸਭ ਭੁਗਤਨਾ ਪੈ ਸਕਦਾ ਹੈ. ਕਿਉਂ? ਕਿਉਂਕਿ ਉਹ ਜਾਣਦੇ ਹਨ ਕਿ ਉਹ ਸਿਰਫ ਇਕ ਕਿਰਦਾਰ ਦੀ ਹਨ ਜੋ ਆਮ ਲੋਕਾਂ ਦੀ ਪੱਧਰ ਤੇ ਉਨ੍ਹਾਂ ਵਾਂਗੂ ਅਦਾਕਾਰੀ ਕਰਦਾ ਹੈ. ਉਹ ਉਨ੍ਹਾਂ ਲੋਕਾਂ ਨਾਲ ਨਜਿੱਠ ਰਹੇ ਹਨ, ਜੋ ਉਨ੍ਹਾਂ ਦੀ ਲਿਸਟ ਵਿਚ ਹਨ, ਜਿਨ੍ਹਾਂ ਨੂੰ ਉਨ੍ਹਾਂ ਨੇ ਘਰ ਵਾਪਿਸ ਲੈਕੇ ਜਾਣਾ ਹੈ. ਉਹ ਪੂਰੇ ਸ਼ੋਅ ਦੇ ਸਿਰਜਣਹਾਰ ਹਨ.

ਕੱਲ੍ਹ, ਮੈਂ ਇਕ ਕਿਤਾਬ ਖੋਲ੍ਹੀ, ਇਹ ਦੇਖਣ ਲਈ ਕਿ ਉਸ ਦਿਨ ਦਾ ਸੰਕਲਪ ਸੰਦੇਸ਼ ਕੀ ਹੈ. ਮੈਂ ਕਦੀ ਕਦੀ ਅਜਿਹਾ ਕਰਦਾ ਹਾਂ. ਕੀ ਤੁਸੀਂ ਕਦੀ ਬੇਤਰਤੀਬ ਤਰੀਕੇ ਨਾਲ ਕੋਈ ਕਿਤਾਬ ਨਹੀਂ ਖੋਲ੍ਹੀ ਹੈ, ਇਹ ਦੇਖਣ ਲਈ ਕਿ ਕੀ ਸੁਨੇਹਾ ਹੈ? ਸੋ ਮੈਂ ਵੀ ਇੱਕ ਕਿਤਾਬ ਖੋਲ੍ਹੀ. ਉਸ ਵਿਚ ਆਗਰਾ ਦੇ ਸਵਾਮੀ ਜੀ ਦੀਆਂ ਕਵਿਤਾਵਾਂ ਸਨ, ਜੋ ਪਿਛਲੀ ਸਦੀ ਦੇ ਰਾਧਾ ਸੁਆਮੀ ਸੰਪ੍ਰਦਾਏ ਦੇ ਸੰਸਥਾਪਕ ਸਨ. ਉਹ ਬਹੁਤ ਮਸ਼ਹੂਰ ਸਨ. ਮੈਂ ਜੋ ਕਵਿਤਾ ਪੜ੍ਹੀ ਉਹ ਬਹੁਤ ਦਿਲਚਸਪ ਸੀ. ਉਹ ਕਹੰਦੇ ਹਨ, "ਦਇਆਵਾਨ ਦਿਆਲ, (ਜਿਸ ਦਾ ਮਤਲਬ ਹੈ - ਉਹ ਜੋ ਦਇਆਲੂ ਸੰਤ ਮਹਾਤਮਾ ਦੇ ਰੂਪ ਵਿੱਚ ਆਉਂਦਾ ਹੈ), ਉਹ ਉਸ ਸਿਰਜਨਹਾਰ ਦੇ ਨਾਲ ਇੱਕਮਿਕ ਹੈ ਜੋ ਨਕਾਰਾਤਮਕ ਕਾਲ ਨੂੰ ਬਣਾਉਂਦਾ ਹੈ."

ਅਤੇ ਉਹ ਕਹਿੰਦੇ ਹਨ, ਇਹ ਕਿਵੇਂ ਹੋ ਸਕਦਾ ਹੈ ਕਿ ਸੱਚਾ ਸਿਰਜਣਹਾਰ, ਜੋ ਆਪਣੇ ਦੂਤ, ਆਪਣੇ ਅੰਸ਼ ਨੂੰ ਇਕ ਪਰਮ ਸੰਤ ਸਤਿਗੁਰੂ ਦੇ ਰੂਪ ਵਿਚ ਭੇਜ ਰਿਹਾ ਹੈ, ਉਹ ਸਭ ਨਕਾਰਾਤਮਿਕ ਜਾ negative  ਸ਼ਕਤੀਆਂ ਦਾ, negative ਕਾਲ ਦਾ, negative ਸਮੇਂ ਦਾ, ਉਹ ਸਭ ਕੁਝ negative ਜੋ ਘਟਦਾ ਪਿਆ ਹੈ,  ਦਾ ਵੀ ਸਿਰਜਣਹਾਰ ਹੈ ? ਅਤੇ ਫਿਰ ਉਹ ਦਿਆਲ ਦੇ ਸਿਰਜਣਹਾਰ, ਸਤ ਪੁਰਖ  ਦੀ ਤਰਫ਼ੋਂ ਬੋਲਦਿਆਂ, ਕਹਿੰਦਾ ਹੈ," ਮੈਂ ਦਿਆਲ ਅਤੇ ਕਾਲ ਦੋਵਾਂ ਨੂੰ ਬਣਾਇਆ."  ਜੇ ਮੈਂ negative ਚੀਜ਼ਾਂ ਨਾ ਬਣਾਉਂਦਾ, ਤਾਂ ਕਿਸੇ ਨੇ ਵੀ ਮੇਰੀ ਕਦਰ ਨਹੀਂ ਸੀ ਕਰਨੀ. ਉਹ ਕਹਿੰਦਾ ਹੈ, "ਸਾਰੀ ਸਿਰਜਣਾ ਨੂੰ ਦੋ ਹਿੱਸਿਆਂ ਵਿਚ ਕਰਨ ਦਾ, ਦੋ-ਪਖੀ ਕਰਨ ਦਾ ਮਕਸਦ ਇਸ ਚੇਤਨ ਆਤਮਾ ਨੂੰ ਦੋ ਪ੍ਰਕਾਰ ਦੇ ਉਲਟ ਅਨੁਭਵ ਦੇਣ ਦਾ ਸੀ. ਤੁਹਾਨੂੰ ਪਿਆਰ ਅਤੇ ਹਮਦਰਦੀ ਬਾਰੇ ਕੁਝ ਨਹੀਂ ਪਤਾ ਚੱਲ ਸਕਦਾ ਜਦੋਂ ਤੱਕ ਉਸੇ ਸਮੇਂ ਉਸ ਤੋਂ ਉਲਟ ਚੀਜ ਦੀ ਸਿਰਜਨਾ ਨਾ ਹੋਈ ਹੋਵੇ.

ਇਸ ਲਈ, ਉਹ ਸਿਰਜਨਹਾਰ ਕਹਿੰਦਾ ਹੈ, "ਮੈਂ ਦੋਵਾਂ ਪਖਾਂ ਦੀ ਰਚਨਾ ਕੀਤੀ ਹੈ, ਅਤੇ ਇਹ ਇਕ  ਤਰੀਕਾ ਹੈ ਜਿਸ ਨਾਲ ਤੁਸੀਂ ਦੂਜੇ ਪਾਸੇ ਦੀ ਕਦਰ ਕਰ ਸਕੋ."ਇਹ ਬਹੁਤ ਵਿਸ਼ਾਲ ਢੰਗ ਨਾਲ ਕੀਤਾ ਗਿਆ ਹੈ! ਉਹ ਕਹਿੰਦਾ ਹੈ, "ਮੈਂ ਇਕ ਨਕਲਚੀ ਕਾਲ ਬਣਾਇਆ ਜੋ ਮੇਰੀ ਸਿਰਜਨਾ ਦੀ ਹੂਬਹੂ ਨਕਲ ਕਰੇ, ਤਾਂ ਮੈਂ ਇਸ ਤਰੀਕੇ ਨਾਲ ਬਣਤਰ ਕੀਤੀ ਕਿ ਮੇਰੇ ਕੋਲ ਚੰਗੀਆਂ ਚੀਜਾਂ ਹੋਣੀਆਂ ਚਾਹੀਦੀਆਂ ਹਨ ਜਿਨ੍ਹਾਂ ਦੀ ਤੁਸੀਂ ਉਨਾਂ ਤੋਂ ਵਿਪਰੀਤ ਤਜ਼ਰਬਿਆਂ ਤੋਂ ਬਾਅਦ ਕਦਰ ਕਰ ਸਕੋ. ਮੇਰੇ ਨਕਲਚੀ ਕਾਲ ਨੇ ਮੇਰੀ ਸਿਰਜਨਾ ਦੀ ਨਕਲ ਕੀਤੀ ਅਤੇ ਆਪਣੇ ਖੇਤਰ ਨੂੰ ਚੰਗੇ-ਮਾੜੇ, ਚਿੱਟੇ –ਕਾਲੇ ਅਤੇ ਉਜਾਲੇ –ਹਨੇਰੇ  ਵਿਚ ਵੰਡਿਆ ਅਤੇ ਗਿਆਨ ਇੰਦਰੀਆਂ ਦੇ ਹਰੇਕ ਅਨੁਭਵ ਨੂੰ ਦੋਹਾਂ ਵਿਪਰੀਤ ਪੱਖਾਂ ਵਿਚ ਵੰਡ ਦਿਤਾ. ਜੇ ਹਰ ਅਨੁਭਵ ਦੋ ਵਿਪਰੀਤ ਪੱਖਾਂ ਵਿਚ ਨਾਂ ਹੁੰਦਾ ਤਾਂ ਇਸ ਇਸ ਸੰਸਾਰ ਦਾ ਅਨੁਭਵ ਕਰਨਾ ਅਸੰਭਵ ਸੀ. "

ਸੋ ਇਹ ਸਾਰੇ ਸ਼ੋਅ ਨੂੰ ਬਣਾਉਣ ਦੀ ਧਰਨਾ ਇਹ ਹੈ ਕਿ ਇਸ ਵਿਚ ਸੁੰਦਰਤਾ ਹੋਵੇ, ਦਇਆ ਹੋਵੇ, ਸਾਰੀਆਂ ਹੋਰ ਉਚੱਤਮ ਚੀਜ਼ਾਂ ਹੋਣ, ਅਤੇ  ਸਭ ਤੋਂ ਮਹੱਤਵਪੂਰਨ ਤੱਤ - ਪਿਆਰ ਹੋਵੇ. ਜੇਕਰ ਇਸ ਸ਼ੋਅ ਦੀ ਕਿਸੇ ਹੋਰ ਢੰਗ ਨਾਲ ਸਿਰਜਨਾ ਕੀਤੀ ਗਈ ਹੁੰਦੀ ਤਾ ਇਹ ਸੰਭਵ ਨਹੀਂ ਹੋਣਾ ਸੀ. ਲੇਖਕ ਸ਼ੋਅ ਨੂੰ ਸਥਾਪਤ ਕਰਦਾ ਹੈ ਅਤੇ  ਆਪਣੇ ਆਪ ਨੂੰ ਇੱਕ ਪਰਮ ਸੰਤ ਸਤਿਗੁਰੂ ਦੇ ਰੂਪ ਵਿੱਚ ਇੱਕ ਕਿਰਦਾਰ ਦੀ ਤਰਾਂ ਪੇਸ਼ ਕਰਦਾ ਹੈ. ਉਹ ਉਸੇ ਪੱਧਰ ਤੇ ਕੰਮ ਕਰਦਾ ਹੈ ਜਿਸ ਪੱਧਰ ਉੱਤੇ ਉਸਦੇ ਕਿਰਦਾਰ ਹੁੰਦੇ ਹਨ. ਜਦੋਂ ਉਹ ਕਿਰਦਾਰ, ਸ਼ੋਅ ਦੇ ਪ੍ਰਭਾਵ ਅਨੁਸਾਰ ਘਰ ਵਾਪਸ ਜਾਂ ਨੂੰ ਤਿਆਰ ਹੋ ਜਾਂਦੇ ਹਨ ਤਾਂ, ਉਹ ਉਹਨਾਂ ਨੂੰ ਘਰ ਵਾਪਿਸ ਲੈ ਜਾਂਦਾ ਹੈ.

ਇਹ ਇੱਕ ਸ਼ਾਨਦਾਰ ਕਹਾਣੀ ਹੈ, ਇਹ ਇੱਕ ਸੱਚੀ ਕਹਾਣੀ ਹੈ, ਇਹ ਸ੍ਰਿਸ਼ਟੀ ਦੀ ਰਚਨਾ ਦੀ ਕਹਾਣੀ ਹੈ, ਪਰਮ ਸੰਤ ਸਤਿਗੁਰੂ ਦੇ ਕਾਰਜ ਦੀ ਕਹਾਣੀ ਹੈ, ਆਪੇ ਜਾ ਸਵੈ ਦੀ ਕਹਾਣੀ ਹੈ, ਚੇਤਨਾ ਦੀ ਕਹਾਣੀ. ਇਕ ਪਰਮ ਸੰਤ ਸਤਿਗੁਰੂ ਸਮੁੱਚੀ ਚੇਤਨਾ ਹੀ ਹੁੰਦਾ ਹੈ ਅਤੇ ਅਸੀਂ ਸਾਰੇ ਸਮੁੱਚੀ ਚੇਤਨਾ ਦੇ ਹਿੱਸੇ ਹਾਂ. ਅਸੀਂ ਵੱਖ - ਵੱਖ ਵਿਖਾਈ ਦਿੰਦੇ ਹਾਂ.  ਇਹ ਸ਼ੋਅ ਦਾ ਹਿੱਸਾ ਹੈ. ਅਸੀਂ ਵੱਖਰੇ ਵੱਖਰੇ ਦਿਖਦੇ ਹਾਂ. ਅਸੀਂ ਵੱਖ - ਵੱਖ ਸ਼ਰੀਰਾਂ ਨਾਲ, ਵੱਖ - ਵੱਖ  ਵਿਚਾਰਾਂ ਨਾਲ, ਵੱਖ ਵੱਖ ਮਨਾਂ ਨਾਲ ਵੱਖ - ਵੱਖ ਦਿਖਦੇ ਹਾਂ.

ਇਹ ਵੱਖੋ ਵੱਖ ਦਾ ਫਰਕ ਪਾਇਆ ਗਿਆ, ਪਰ ਇਹ ਫਰਕ ਕਿਥੇ ਪਾਇਆ ਗਿਆ ? ਉਹ ਸਾਰੇ ਇਕ ਹੀ ਚੇਤਨਾ ਦੇ ਸਮੁੰਦਰ ਵਿਚੋਂ ਬਣਾਏ ਗਏ ਹਨ, ਜੋ ਕਿ ਹਮੇਸ਼ਾਂ ਤੋਂ ਇਕ ਹੈ. ਇਹ ਕਦੇ ਵੱਖ-ਵੱਖ ਨਹੀਂ ਹੋਇਆ ਹੈ. ਤੁਹਾਨੂੰ ਇਸ ਬਾਰੇ ਪਰਮ ਸੰਤ ਸਤਿਗੁਰੂ ਦੇ ਦਰਸਾਏ ਹੋਏ ਮਾਰਗ ਤੇ ਚੱਲ ਕੇ ਪਤਾ ਲੱਗੇਗਾ. ਇਹ ਪਰਮ ਸੰਤ ਸਤਿਗੁਰੂ ਤੁਹਾਨੂੰ ਅਸਲੀਅਤ ਵਿਚ ਵਾਪਸ ਲੈ ਜਾਂਦੇ ਹਨ. ਅੰਤ ਵਿੱਚ ਕੇਵਲ ਇੱਕ ਚੇਤਨਾ ਹੈ, ਇੱਕ ਹੀ ਸਿਰਜਣਹਾਰ ਹੈ, ਇੱਕ ਹੀ ਅਨੁਭਵ ਹੈ, ਅਤੇ ਬਹੁਤ ਸਾਰੇ ਅਨੁਭਵ ਉਸ ਇਕ ਵਿੱਚ ਹੀ ਹੋ ਰਹੇ ਹਨ. ਇਸ ਤੋਂ ਬਾਹਰ ਕੁਝ ਵੀ ਨਹੀਂ ਹੈ. ਕਈਆਂ ਨੂੰ ਇਕ ਤੋਂ ਹੀ ਬਣਾਇਆ ਗਿਆ ਹੈ.

ਜੇਕਰ ਸਾਡੇ ਵਿੱਚੋਂ ਕਿਸੇ ਨੂੰ ਬੈਠੇ ਬੈਠੇ ਸੋਝੀ ਹੋ ਜਾਵੇ ਕਿ ਅਸੀਂ ਕੌਣ ਹਾਂ ਤਾਂ ਕੀ ਹੋਵੇਗਾ . ਜੇ ਅਚਾਨਕ ਸਾਨੂੰ ਪਤਾ ਲੱਗੇ ਕਿ ਅਸੀਂ

ਇਹ ਸਥੂਲ ਸਰੀਰ ਨਹੀਂ ਹਾਂ, ਇਹ ਕੇਵਲ ਸਾਡੇ ਉੱਤੇ ਇਕ ਪਹਿਰਾਵਾ ਹੈ, ਅਸੀਂ ਗਿਆਨ ਇੰਦਰੀਆਂ ਨਹੀਂ ਹਾਂ, ਉਹ ਸਿਰਫ ਬਾਹਰ ਦੇ ਨਾਟਕ ਨੂੰ ਦੇਖਣ ਜਾ ਮਹਿਸੂਸ ਕਰਨ ਲਈ ਵਰਤੇ ਜਾਣ ਵਾਲੇ ਯੰਤਰ ਹਨ. ਜੇਕਰ ਸਾਨੂ ਇਹ ਪਤਾ ਲੱਗ ਜਾਏ ਕੀ ਸਾਡੇ ਵਿਚਾਰ ਸਿਰਫ ਲਫਜਾਂ ਦਾ ਪ੍ਰਵਾਹ ਹਨ, ਇਹ ਸਾਡੇ ਖੁਦ ਵਲੋਂ ਆਪਣੇ ਅੰਦਰ ਕਾਇਮ ਕੀਤੀ ਹੋਈ ਮਸ਼ੀਨ ਦੇ ਚਿੱਤਰ ਦਾ ਪ੍ਰਵਾਹ ਹੈ, ਤੇ ਅਸਲ ਵਿਚ ਅਸੀਂ ਇਨ੍ਹਾਂ ਤਿੰਨਾਂ ਤੋਂ ਪਰੇ ਹਾਂ, ਅਸੀਂ ਸਮੁੱਚੀ ਚੇਤਨਾ ਹਾਂ, ਤਾਂ ਸਾਡਾ ਅਨੁਭਵ ਕੀ ਹੋਵੇਗਾ ? ਅਸੀਂ ਅਚਾਨਕ ਇਹ ਅਨੁਭਵ ਕਰਦੇ ਹਾਂ ਕਿ ਜੋ ਕੁਝ ਵੀ ਅਸੀਂ ਕਦੇ ਅਨੁਭਵ ਕੀਤਾ, ਜਾਂ ਕਰਾਂਗੇ, ਇੱਕ ਸਮੁੱਚਤਾ ਵਿੱਚ ਘਟਿਤ ਹੋ ਰਿਹਾ ਹੈ ਅਤੇ ਇਹ ਸਾਡਾ ਸੱਚਾ ਆਪਾ ਜਾ ਸਵੈ ਹੈ. ਸਾਨੂ ਅਨੁਭਵ ਹੁੰਦਾ ਹੈ ਕਿ ਸਾਡਾ ਸੱਚਾ ਆਪਾ ਕਦੇ ਵੀ ਇਕ ਤੋਂ ਜਿਆਦਾ ਨਹੀਂ ਹੋਇਆ . ਜੋ ਕੁਝ ਵੀ ਵਾਪਰਿਆ ਜਿਸਨੇ ਅਨੇਕ ਦੇ ਅਨੁਭਵਾਂ ਨੂੰ ਦਿਖਾਇਆ, ਉਹ ਇੱਕ ਦੇ ਅੰਦਰ ਹੀ ਹੋ ਰਿਹਾ ਹੈ. ਇਸ ਤੋਂ ਬਾਹਰ ਕੁਝ ਵੀ ਨਹੀਂ ਹੋ ਰਿਹਾ ਹੈ. ਇਸ ਤੋਂ ਬਾਹਰ ਕੁਝ ਵੀ ਨਹੀਂ ਹੋ ਸਕਦਾ. ਇਹ ਇੱਕ ਬਹੁਤ ਵਾਡਾ ਖੁਲਾਸਾ ਹੈ.

ਪਰਮ ਸੰਤ ਸਤਿਗੁਰੂ ਇਸ ਸੰਸਾਰ ਵਿੱਚ ਸਾਨੂੰ ਨਵੀਂ ਨੈਤਿਕਤਾ ਸਿਖਾਉਣ ਲਈ ਨਹੀਂ ਆਉਂਦੇ ਹਨ. ਉਹ ਸਾਨੂੰ ਜੀਉਣ ਦਾ ਤਰੀਕਾ ਸਿਖਾਉਣ ਲਈ ਨਹੀਂ ਆਉਂਦੇ. ਉਹ ਸਾਨੂੰ ਸਿਆਸੀ ਪ੍ਰਬੰਧਾਂ ਦੇ ਸੁਧਾਰ ਦੇ ਤਰੀਕੇ ਸਿਖਾਉਣ ਲਈ ਨਹੀਂ ਆਉਂਦੇ ਹਨ. ਉਹ ਸਾਨੂੰ ਇਹ ਦਰਸਾਉਣ ਲਈ ਆਉਂਦੇ ਹਨ ਕਿ ਸਰੀਰ ਵਿਚ ਫੱਸੇ ਹੋਣ ਤੇ ਵੀ, ਇੰਦਰੀਆਂ ਨਾਲ ਘਿਰੇ ਹੋਣ ਤੇ ਵੀ, ਆਪਣੇ ਮਨ ਦੇ ਜਾਲ ਵਿਚ ਗ੍ਰਸਤ ਹੋਣ ਤੇ ਵੀ ਅਸੀਂ ਆਪਣੇ ਆਪ ਦਾ ਅਨੁਭਵ ਕਰ ਸਕਦੇ ਹਾਂ.

ਇਸ ਅਨੁਭਵ ਵਿਚ ਸਭ ਤੋਂ ਪਹਿਲਾਂ ਉਹ ਸਮੁਚਤਾ ਸਾਡੇ ਤੋਂ ਬਾਹਰ ਇਕ ਮਨੁੱਖ , ਇਕ ਪਰਮ ਸੰਤ ਸਤਿਗੁਰੂ ਦੇ ਰੂਪ ਵਿਚ ਇਸ ਰਚਨਾ ਦੇ show ਵਿਚ ਪ੍ਰਗਟ ਹੁੰਦੀ ਹੈ. ਫਿਰ ਕਦਮ ਦਰ ਕਦਮ ਆਪਣੇ ਅੰਦਰ ਜਾ ਕੇ, ਵੱਡੇ ਮਹਾਰਾਜ ਦੇ ਸ਼ਬਦਾਂ ਵਿਚ "ਦਰਜਾ ਬਾਰ ਦਰਜਾ" , ਤੁਸੀਂ ਆਪਣੀ ਅਸਲੀਅਤ ਨੂੰ ਲਭਦੇ ਹੋ. ਤੁਹਾਨੂੰ ਪਤਾ ਲੱਗ ਜਾਂਦਾ ਹੈ ਕੇ ਪਰਮ ਅਸਲੀਅਤ ਹਰ ਸਮੇ ਸਿਰਫ ਇਕ ਹੀ ਚੇਤਨਾ ਸੀ. ਉਸ ਇਕ ਵਿਚ ਹੀ ਵਖ-ਵਖ ਦਾ ਪ੍ਰਦਰਸ਼ਨ ਹੋਇਆ ਸੀ, ਅਤੇ ਅਸੀਂ ਇਕ ਦੇ ਹੀ ਅੰਸ਼ ਹਾਂ, ਤੇ ਕਦੇ ਵੱਖ ਸੀ ਹੀ ਨਹੀਂ. ਸਾਡੀ ਅਸਲੀਅਤ ਉਹ ਇੱਕ ਹੀ ਹੈ. ਬਾਕੀ ਸਾਰੇ ਬਣਾਏ ਹੋਏ ਹਨ. ਬਾਕੀ ਸਭ ਕੁਝ ਇੱਕ ਭਰਮ ਹੈ

ਹਰ ਜਿਗਿਆਸੂ ਕੋਲ ਬਹੁਤ ਵਧੀਆ ਮੌਕਾ ਹੈ. ਜੋ ਵੀ ਸੱਚ ਲੱਭਣ ਦੀ ਜਿਗਿਆਸਾ ਕਰਦਾ ਹੈ ਉਹ ਇਸ ਨੂੰ ਲੱਭ ਸਕਦਾ ਹੈ. ਤੁਸੀਂ ਕਿਸ ਤਰਾਂ ਇਸ ਨੂੰ ਲੱਭ ਸਕਦੇ ਹੋ? ਅੰਦਰ ਜਾ ਕੇ. ਅੰਦਰ ਕਿਵੇਂ ਜਾਇਆ ਜਾਏ ? ਆਪਣੇ ਬਾਹਰੀ ਜੀਵਨ ਵਿਚ ਅਜਿਹੇ ਕਿਸੇ ਵਿਅਕਤੀ ਦੀ ਖੋਜ ਕਰ ਕੇ ਜੋ ਅੰਦਰ ਜਾ ਚੁੱਕਾ ਹੋਵੇ. ਅਤੇ ਉਹ ਅੰਦਰ ਜਾ ਚੁਕਾ ਵਿਅਕਤੀ ਜੋ ਤੁਹਾਨੂੰ ਬਾਹਰੀ ਜ਼ਿੰਦਗੀ ਵਿਚ ਲਭਦਾ ਹੈ, ਉਹ ਤੁਹਾਨੂੰ ਉਥੇ ਤੱਕ ਹੀ ਲੈਜਾ ਸਕਦਾ ਹੈ ਜਿਥੇ ਤੱਕ ਉਹ ਆਪ ਗਿਆ ਹੋਵੇ . ਉਹ ਤੁਹਾਨੂੰ ਹੋਰ ਜਿਆਦਾ ਨਹੀਂ ਲੈਕੇ ਜਾ ਸਕਦਾ.

ਰੂਹਾਨੀ ਜਾਗਰੂਕਤਾ ਦੇ ਇਸ ਵਿਸ਼ੇ ਵਿਚ ਮੁਸ਼ਕਿਲ ਇਹ ਹੈ ਕਿ ਇਸ ਦਾ ਹਰ ਪੱਧਰ ਅੰਤਿਮ ਪੱਧਰ ਦੀ ਤਰ੍ਹਾਂ ਦਿਸਦਾ ਹੈ. ਲੋਕਾਂ ਨੂੰ ਕੋਈ ਛੋਟੀ ਜਿਹੀ ਝਲਕ ਮਿਲਦੀ ਹੈ, ਅਤੇ ਉਹ ਕਹਿੰਦੇ ਹਨ ਇਹ ਹੀ ਅਸਲੀਅਤ ਹੈ. ਲੋਕ ਆਪਣੇ ਅੰਦਰੂਨੀ ਤਜਰਬਿਆਂ ਵਿਚ ਵੱਖੋ ਵੱਖ ਤਰ੍ਹਾਂ ਦੀ ਯਾਤਰਾ ਕਰਦੇ ਹਨ. ਕੁਝ ਲੋਕਾਂ ਨੂੰ ਆਪਣੇ ਹੇਠਲੇ ਵੱਖ-ਵੱਖ ਚੱਕਰਾਂ ਤੋਂ ਕੁਝ ਤਜਰਬੇ ਆਉਂਦੇ ਹਨ .ਕਈ ਲੋਕ ਨਸ਼ੇ ਲੈ ਕੇ ਕਹਿੰਦੇ ਹਨ ਕਿ ਉਹਨਾਂ ਨੂੰ ਇੰਦਰੀਆਂ ਤੋਂ ਪਰੇ ਦੇ ਅਨੁਭਵ ਪ੍ਰਾਪਤ ਹੋਏ ਹਨ.

ਜੋ ਵੀ ਉਹ ਕਰਦੇ ਹਨ, ਹਰ ਅਨੁਭਵ ਉਨ੍ਹਾਂ ਨੂੰ ਸਥੂਲ ਤੋਂ ਪਰੇ ਦਾ ਅੰਤਮ ਅਨੁਭਵ ਲੱਗਦਾ ਹੈ. ਇਸ ਲਈ, ਇਹ ਬੰਦਸ਼ਾਂ ਜਾ ਕਮੀਆਂ ਹਨ. ਹਰੇਕ ਅਧਿਆਪਕ, ਹਰੇਕ ਕਿਸਮ ਦੇ ਮਹਾਤਮਾ ਦੀ ਹੱਦ ਹੁੰਦੀ ਹੈ ਕਿ ਉਹ ਤੁਹਾਨੂੰ ਕੀ ਸਿਖਾ ਸਕਦਾ ਹੈ ਅਤੇ ਤੁਹਾਨੂੰ ਕਿੱਥੇ ਤੱਕ ਲੈਕੇ ਜਾ ਸਕਦਾ ਹੈ. ਮੇਰੇ ਅਨੁਸਾਰ ਇਹਨਾਂ ਵਿਚੋਂ ਜ਼ਿਆਦਾਤਰ, ... ਮੈਂ ਹੁਣੇ ਹੁਣੇ ਆਪਣਾ 84 ਵਾਂ ਜਨਮ ਦਿਨ ਮਨਾਇਆ ਹੈ, ਅਤੇ ਤੁਸੀਂ ਆ ਆ ਕੇ ਮੈਨੂੰ ਮੇਰੇ ਜਨਮਦਿਨ ਦੀ ਮੁਬਾਰਕ ਦੇ ਰਹੇ ਹੋ, ਇਸ ਚੀਜ ਦੀ ਖੋਜ ਕਰਨ ਲਈ 84 ਸਾਲ, ਭੌਤਿਕ ਸੰਸਾਰ ਵਿੱਚ, ਇੱਕ ਸਰੀਰ ਵਿੱਚ ਕਾਫੀ ਸਮਾਂ ਹੈ. ਮੇਰੇ ਅਨੁਸਾਰ 99.9% ਅਧਿਆਪਕ ਜੋ ਅਜਕਲ ਰੂਹਾਨੀਅਤ ਸਿਖਾ ਰਹੇ ਹਨ, ਉਹ ਸਾਨੂੰ ਸਿਰਫ ਮਨ ਦੇ ਅੰਦਰ ਤਕ ਅਤੇ ਬਾਹਰ ਦੇ ਬ੍ਰਹਿਮੰਡ ਬਾਰੇ ਹੀ ਦੱਸਦੇ ਹਨ.

ਉਹਨਾਂ ਨੇ ਸਾਨੂੰ ਵੱਖ ਵੱਖ ਪੱਧਰ ਬਾਰੇ ਜਾਣੂ ਕਰਾਇਆ. ਉਹਨਾਂ ਨੇ ਸਾਨੂੰ ਅੰਦਰੂਨੀ ਅਨੁਭਵ ਦਿੱਤੇ. ਉਹਨਾਂ ਨੇ ਸਾਨੂੰ ਅੰਦਰ ਅਣਜਾਣ ਥਾਵਾਂ ਦੀਆ ਯਾਤਰਾਵਾਂ ਕਰਾਈਆਂ. ਪਰ ਇਹ ਸਭ ਸਮੇਂ, ਸਥਾਨ ਅਤੇ ਮਨ ਦੇ ਪੱਧਰ ਤੱਕ ਹੀ ਹੈ. ਪਰਮ ਸੰਤ ਸਤਿਗੁਰੂ ਜੋ ਸਾਨੂ ਇਹ ਦੱਸ ਸਕਦੇ ਹਨ ਕੇ ਸਾਡੇ ਆਪਣੇ ਆਪ ਦੀ ਅਸਲੀਅਤ ਵਿਚ ਵਖਰੇਵਾਂ ਨਹੀਂ ਹੈ, ਅਤੇ ਇਹ ਮਨ ਤੋਂ ਪਰੇ ਹੈ, ਊਨਾ ਦੀ ਗਿਣਤੀ ਬਹੁਤ ਘੱਟ ਹੈ. ਕਿਸੇ ਵੇਲੇ ਵੀ ਇਨਾ ਪਰਮ ਸੰਤ ਸਤਿਗੁਰਾਂ ਦੀ ਸੰਖਿਆ ਇਨੀ ਘੱਟ ਹੁੰਦੀ ਹੈ ਕਿ ਤੁਸੀਂ ਊਨਾ ਨੂੰ ਆਪਣੇ ਹੱਥਾਂ ਦੀਆਂ ਉਂਗਲਾਂ ਨਾਲ ਗਿਣ ਸਕਦੇ ਹੋ, ਉਹ ਬਹੁਤ ਥੋੜੇ ਹੁੰਦੇ ਹਨ.

ਇਸ ਲਈ, ਖੋਜ ਕਰ ਕੇ ਇਨ੍ਹਾਂ ਮਹਾਤਮਾਵਾਂ ਦੀ ਇੱਕ ਸੂਚੀ ਬਣਾਉਣਾ ਸੰਭਵ ਨਹੀਂ. ਤੁਸੀਂ ਇੰਟਰਨੈਟ ਤੇ ਜਾ ਸਕਦੇ ਹੋ ਅਤੇ ਹਜ਼ਾਰਾਂ ਮਹਾਤਮਾ ਹਰ ਦੇਸ਼ ਵਿਚ ਇੱਕੋ ਜਿਹੀ ਗੱਲ ਸਿਖਾ ਰਹੇ ਹਨ. ਦਰਅਸਲ, ਭਾਰਤ ਵਿਚ ਤਾਂ ਵਿਦਿਆਰਥੀਆਂ ਨਾਲੋਂ ਜ਼ਿਆਦਾ ਮਹਾਤਮਾ ਹਨ. ਅਤੇ ਵੱਡੇ ਮਹਾਰਾਜ ਕਹਿੰਦੇ ਸਨ, "ਗੁਰਤਾ ਇਨੀ ਵੱਧ ਗਈ ਹੈ ਕਿ ਗੁਰੂਆਂ ਦੀ ਗਿਣਤੀ ਚੇਲਿਆਂ ਨਾਲੋਂ ਕੀਤੇ ਜਿਆਦਾ ਹੈ."

ਇਸ ਲਈ ਲੋਕ ਹਰ ਚੀਜ਼ ਸਿਖਾ ਰਹੇ ਹਨ, ਪਰੰਤੂ ਇਹ ਪਰਮ ਸੰਤ ਸਤਿਗੁਰੂ ਸਾਨੂ ਸਿੱਖਿਆ ਨਹੀਂ ਦੇਂਦੇ. ਉਹ ਕੁਝ ਸਿਖਾਉਣ ਲਈ ਨਹੀਂ ਇਥੇ ਆਉਂਦੇ. ਉਹ ਸਾਨੂੰ ਘਰ ਵਾਪਸ ਲੈ ਜਾਣ ਲਈ ਇੱਥੇ ਆਉਂਦੇ ਹਨ. ਇਹਨਾਂ ਦੋਹਾਂ ਗੱਲਾਂ ਵਿਚਕਾਰ ਇਕ ਵੱਡਾ ਅੰਤਰ ਹੈ. ਉਹ ਸਿਖਾਉਂਦੇ ਹਨ ਕਿਉਂਕਿ ਦੂਸਰੇ ਸਿਖਾ ਰਹੇ ਹਨ. ਉਹ ਸਾਨੂੰ ਵਾਪਸ ਘਰ ਲੈ ਜਾਣ ਦੇ ਮਨੋਰਥ ਲਈ ਤਰੀਕੇ ਜਾ ਫਾਰਮੈਟ ਦੀ ਪਾਲਣਾ ਕਰਦੇ ਹਨ ਜਿਸ ਨੂੰ ਉਹ ਇਸ ਦੁਨਿਆ ਵਿੱਚ ਚਲ ਰਹੇ ਤਰੀਕੇ ਅਨੁਸਾਰ ਢਾਲ ਲੈਂਦੇ ਹਨ ਕਿਉਂਕਿ ਸਾਡਾ ਮਨ ਇਸ ਦੁਨਿਆ ਵਿਚ ਚੱਲ ਰਹੇ ਤਰੀਕਿਆਂ ਜਾ ਫਾਰਮੈਟਾਂ ਤੋਂ ਇਲਾਵਾ ਕੁਝ ਸਵੀਕਾਰ ਕਰਨ ਨੂੰ ਤਿਆਰ ਹੀ ਨਹੀਂ ਹੁੰਦਾ.

ਇਸ ਲਈ, ਉਹ ਸਾਨੂੰ ਪੂਰੀ ਖੁਲ ਦੇਂਦੇ ਹਨ. ਉਹ ਕਹਿੰਦੇ ਹਨ, ਠੀਕ ਹੈ ਜਾਉ, ਇਸ ਦੀ ਪਾਲਣਾ ਕਰੋ, ਉਸ ਨੂੰ ਵੀ ਮੰਨੋ. ਕੀ ਇਹ ਤੁਹਾਡੇ ਲਈ ਬਿਹਤਰ ਹੈ? ਤਾਂ ਇਸ ਦੀ ਪਾਲਣਾ ਕਰੋ. ਕਿ ਤੁਸੀਂ ਕਿਸੇ ਹੋਰ ਚੀਜ਼ ਦੀ ਪਾਲਣਾ ਕਰ ਰਹੇ ਹੋ? ਉਹ ਵੀ ਕਰਦੇ ਰਹੋ. ਉਹ ਸਾਨੂੰ ਨਿਰਾਸ਼ ਨਹੀਂ ਕਰਦੇ ਹਨ. ਉਹ ਸਾਨੂੰ ਹਰ ਉਸ ਚੀਜ਼ ਲਈ ਉਤਸ਼ਾਹਿਤ ਕਰਦੇ ਹਨ ਜਿਸ ਬਾਰੇ ਉਨ੍ਹਾਂ ਨੂੰ ਲਗਦਾ ਹੈ ਉਹ ਚੀਜ ਸਾਨੂ ਆਪਣੇ ਅੰਦਰ ਆਪੇ ਦੇ ਬੋਧ ਦੀ ਤਰਫ ਲਿਜਾ ਰਹੀ ਹੈ. ਉਹ ਇਹ ਵੀ ਨਹੀਂ ਕਹਿੰਦੇ ਕਿ, "ਪਹਿਲਾਂ ਕੋਈ ਪੂਰਨ ਗੁਰੂ ਲੱਭੋ ਅਤੇ ਫਿਰ ਉਸ ਦਾ ਪਾਲਣ ਕਰੋ." ਉਹ ਕਹਿੰਦੇ ਹਨ "ਕਿਸੇ ਵੀ ਗੁਰੂ ਦੀ ਪਾਲਣਾ ਕਰੋ, ਕਿਸੇ ਵੀ ਅਧਿਆਪਕ ਦੀ ਪਾਲਣਾ ਕਰੋ ਜੋ ਤੁਹਾਨੂੰ ਆਪਣੇ ਅੰਦਰ ਜਾਣ ਲਈ ਕਹਿੰਦਾ ਹੈ."

ਕਿਉਂਕਿ ਉਹ ਜਾਣਦੇ ਹਨ ਕਿ ਇਹਨਾਂ ਵਿਚੋਂ ਜੋ ਵੀ ਲੋਕ ਸਾਡੀ ਜਿੰਦਗੀ ਵਿਚ ਆ ਕੇ ਸਾਨੂੰ ਆਪਣੇ ਅੰਦਰੂਨੀ ਸਰੂਪ ਵੱਲ ਦੀ ਸੇਧ ਦਿੰਦੇ ਉਹ ਉਨ੍ਹਾਂ ਦੇ ਮਾਰਗ ਵੱਲ ਹੀ ਇਕ ਕਦਮ ਲੈ ਰਹੇ ਹਨ. ਪਰ ਸਾਨੂੰ ਆਪਣੇ ਮਨ ਤੋਂ ਪਰੇ ਆਪਣੀ ਅਸਲੀਅਤ ਵੱਲ ਨੂੰ ਲੈ ਜਾਣ ਦਾ ਕੰਮ ਇਕ ਪਰਮ ਸੰਤ ਸਤਿਗੁਰੂ ਹੀ ਕਰ ਸਕਦਾ ਹੈ, ਜੋ ਖੁਦ ਮਨ ਤੋਂ ਪਰੇ ਦੀ ਅਵਸਥਾ ਵਿਚ ਹੁੰਦੇ ਨੇ ਅਤੇ ਸਾਨੂੰ ਵੀ ਮਨ ਤੋਂ ਪਰੇ ਦੀ ਅਸਲੀਅਤ ਵੱਲ ਲੈ ਜਾਂਦੇ ਹਨ. ਇਸੇ ਲਈ ਇਕ ਪਰਮ ਸੰਤ ਸਤਿਗੁਰੂ ਨੂੰ ਲੱਭਣ ਦੀ ਯੋਗਤਾ ਬਹੁਤ ਹੀ ਸਰਲ ਹੈ. ਸੱਚ ਦੇ ਭਾਲ ਲਈ ਤੀਬਰ ਇੱਛਾ ਹੋਣੀ ਇਹ ਯੋਗਤਾ ਹੈ. ਜੇਕਰ ਤੁਸੀਂ ਆਪਣੇ ਮਨ ਕਰਕੇ ਖੋਜੀ ਹੋ, ਆਪਣੇ ਦਿਲ ਕਰਕੇ ਖੋਜੀ ਹੋ ਅਤੇ ਤੁਸੀਂ ਸੱਚ ਦੀ ਭਾਲ ਕਰ ਰਹੇ ਹੋ ਕਿਉਂਕਿ ਤੁਸੀਂ ਝੂਠ ਤੋਂ ਅੱਕ ਚੁੱਕੇ ਹੋ. ਜੇ ਤੁਸੀਂ ਅਸਲੀਅਤ ਦੀ ਭਾਲ ਕਰ ਰਹੇ ਹੋ ਕਿਉਂਕਿ ਤੁਹਾਨੂੰ ਲਗਦਾ ਹੈ ਕਿ ਇਹ ਸੰਸਾਰਿਕ ਨਾਟਕ ਬਹੁਤ ਗੁੰਝਲਦਾਰ ਹੈ, ਇਹ ਬਹੁਤ ਬੁਰਾ ਹੈ, ਤੁਸੀਂ ਸੋਚਦੇ ਹੋ ਕਿ ਬਹੁਤ ਹੋ ਗਿਆ, ਤੁਸੀਂ ਇਸ ਤੋਂ ਤੰਗ ਆ ਚੁੱਕੇ ਹੋ. ਜੇਕਰ ਤੁਹਾਡੀ ਇਹ ਸਥਿਤੀ ਹੋ ਚੁੱਕੀ ਹੈ ਅਤੇ ਤੁਸੀਂ ਭਾਲ ਵਿਚ ਹੋ ਤਾਂ ਆਖਰਕਾਰ ਤੁਹਾਡਾ ਇਕ ਪਰਮ ਸੰਤ ਸਤਿਗੁਰੂ ਨਾਲ ਜਰੂਰ ਮੇਲ ਹੋਵੇਗਾ . ਇਹ ਹੀ ਪ੍ਰਕ੍ਰਿਆ ਹੈ.

ਜਿਗਿਆਸਾ ਤੋਂ ਇਲਾਵਾ ਇੱਕ ਪਰਮ ਸੰਤ ਸਤਿਗੁਰੂ ਨੂੰ ਲੱਭਣ ਦਾ ਕੋਈ ਹੋਰ ਤਰੀਕਾ ਨਹੀਂ . ਜੇ ਤੁਸੀਂ ਸੋਚਦੇ ਹੋ ਕਿ ਤੁਸੀਂ ਮਨੁੱਖੀ ਯੋਗਤਾਵਾਂ ਦੁਆਰਾ ਨਿਰਣਾ ਕਰ ਕੇ ਇਹ ਪਤਾ ਲਗਾ ਸਕਦੇ ਹੋ ਕਿ ਕੌਣ ਪਰਮ ਸੰਤ ਸਤਿਗੁਰੂ ਹੈ, ਤਾਂ "ਤੁਸੀਂ ਆਪ ਹੀ ਸੰਤ

ਸਤਿਗੁਰੂ ਹੋ. ਜੇ ਤੁਹਾਨੂੰ ਅਜਿਹਾ ਗਿਆਨ ਹੈ ਕਿ ਤੁਸੀਂ ਦਸ ਸਕਦੇ ਹੋ ਕਿ ਕੋਈ ਵਿਅਕਤੀ ਇਕ ਪਰਮ ਸੰਤ ਸਤਿਗੁਰੂ ਹੈ, ਤਦ ਤੁਸੀਂ ਵੀ ਖੁਦ ਇਕ ਪਰਮ ਸੰਤ ਸਤਿਗੁਰੂ ਵਰਗੇ ਹੀ ਹੋ ਕਿਉਂਕਿ ਇੱਕ ਪਰਮ ਸੰਤ ਸਤਿਗੁਰੂ ਕਦੇ ਨਹੀਂ ਕਹੇਗਾ, "ਮੈਂ ਇੱਕ ਸਤਿਗੁਰੂ ਹਾਂ. "

ਉਹ ਇਹਨਾਂ ਕੁੱਝ ਯੋਗਤਾ ਪ੍ਰਾਪਤ ਮਨੋਵਿਗਿਆਨਕਾਂ ਅਤੇ ਯੋਗ ਵਿਅਕਤੀਆਂ ਵਰਗੇ ਗੁਣਾਂ ਨੂੰ ਵੀ ਪ੍ਰਦਰਸ਼ਿਤ ਨਹੀਂ ਕਰੇਗਾ ਜੋ ਕਈ ਤਰ੍ਹਾਂ ਦੇ ਕਾਰਨਾਮੇ ਦਿਖਾਉਂਦੇ ਹਨ ਅਤੇ ਛੋਟੇ ਮੋਟੇ ਚਮਤਕਾਰ ਕਰਦੇ ਹਨ. ਉਹ ਅਜਿਹਾ ਨਹੀਂ ਕਰੇਗਾ. ਉਸ ਨੂੰ ਇਹ ਕਰਨ ਦੀ ਕੋਈ ਲੋੜ ਨਹੀਂ. ਇਹ ਉਸ ਦਾ ਕਮ ਨਹੀਂ . ਉਸ ਦਾ ਮਨੋਰਥ ਤਾਂ ਜਿਗਿਆਸੂ ਦੀ ਭਾਲ ਕਰਕੇ, ਉਸਨੂੰ ਆਪਣੇ ਬਾਰੇ ਜਾਣਕਾਰੀ ਦੇਕੇ ਉਸ ਜਿਗਿਆਸੂ ਨੂੰ ਵਾਪਸ ਘਰ ਲੈ ਜਾਣਾ ਦਾ ਹੁੰਦਾ ਹੈ . ਇਸ ਲਈ, ਇਹ ਨਹੀਂ ਹੈ ਕਿ ਅਸੀਂ ਸਤਿਗੁਰੂ ਨੂੰ ਲੱਭਦੇ ਹਾਂ. ਅਸੀਂ ਕਦੀ ਵੀ ਇਕ ਪਰਮ ਸੰਤ ਸਤਿਗੁਰੂ ਨੂੰ ਨਹੀਂ ਲੱਭ ਸਕਦੇ. ਮੈਨੂੰ ਕਿਸੇ ਵੀ ਤਰੀਕੇ ਬਾਰੇ ਨਹੀਂ ਪਤਾ ਜਿਸ ਨਾਲ ਕੋਈ ਤੇਜ਼ ਅਕਲ ਵਾਲਾ ਮਨੁੱਖ ਕਦੀ ਵੀ ਇਕ ਸਤਿਗੁਰੂ ਨੂੰ ਲੱਭ ਸਕਦਾ ਹੋਵੇ.

ਇਹ ਤੇਜ ਬੁਧਿ ਵਾਲਾ ਇਨਸਾਨ ਵਿਸ਼ਲੇਸ਼ਣ ਕਰਦਾ ਰਹੂਗਾ ਅਤੇ ਕਹੂਗਾ , "ਇਸ ਵਿਚ ਉਹ ਵਿਸ਼ੇਸ਼ਤਾਵਾਂ ਹਨ ਅਤੇ ਇਸ ਵਿਚ ਨਹੀਂ. ਇਹ ਬਹੁਤ ਹੀ ਸਧਾਰਨ ਹੈ ਅਤੇ ਸਤਿਗੁਰੂ ਨਹੀਂ ਹੋ ਸਕਦਾ. ਇਹ ਵੀ ਨਹੀਂ ਹੋ ਸਕਦਾ, ਮੈਂ ਇਸਤੋਂ ਕੁਝ ਪੁਛਿਆ ਪਰ ਇਹ ਉੱਤਰ ਨਾ ਦੇ ਸਕਿਆ." ਸਾਡੀ ਬੁੱਧੀ ਅਨੁਸਾਰ ਬਣਾਈ ਗਈ ਸਤਿਗੁਰੂ ਦੀਆਂ ਵਿਸ਼ੇਸ਼ਤਾਵਾਂ ਦੀ ਸੂਚੀ ਵਿਚ ਇਤਨੇ ਨੁਕਸ ਹਨ ਕਿ ਅਸੀਂ ਇਹ ਨਹੀਂ ਦੇਖ ਸਕਦੇ ਕਿ ਪਿਆਰ ਕਿੱਥੇ ਹੈ, ਇਹ ਪਿਆਰ ਅਤੇ ਭਗਤੀ ਸਾਨੂ ਕਿਥੇ ਲਿਜਾ ਸਕਦੀ ਹੈ. ਮਨ ਪਿਆਰ ਅਤੇ ਗੁਰਭਕਤੀ ਦੇ ਸਮਰਥ ਨਹੀਂ. ਕੇਵਲ ਆਤਮਾ ਹੀ ਪਿਆਰ ਕਰ ਸਕਦੀ ਹੈ.

ਇਸ ਲਈ, ਜਦੋਂ ਤੁਸੀਂ ਸਿਰਫ ਮਨ ਨਾਲ ਇਕ ਪਰਮ ਸੰਤ ਸਤੁਗੁਰ ਦੀ ਭਾਲ ਕਰਦੇ ਹੋ ਤਾਂ ਤੁਸੀਂ ਇਸ ਵਿਚ ਅਸਫਲ ਰਹਿੰਦੇ ਹੋ. ਪਰ ਇੱਕ ਪਰਮ ਸੰਤ ਸਤਿਗੁਰੂ ਤੁਹਾਨੂੰ ਲੱਭ ਸਕਦਾ ਹੈ. ਸਚਾਈ ਇਹ ਹੈ ਕਿ ਆਪਣੇ ਜੀਵਨ ਵਿਚ ਮੈਂ ਜਿਸ ਵੀ ਵਿਅਕਤੀ ਨੂੰ ਮਿਲਿਆ, ਜਿਨ੍ਹਾਂ ਨੇ ਇਕ ਪਰਮ ਸੰਤ ਸਤਿਗੁਰੂ ਤੋਂ ਨਾਮ ਦਾਨ ਦੀ ਦੀਖਿਆ ਲਈ ਸੀ, ਉਨਾ ਨੂੰ ਸਤਿਗੁਰੂ ਨੇ ਹੀ ਲੱਭਿਆ. ਉਨਾ ਦਾ ਇਤਫ਼ਾਕ ਦੇ ਸਿਲਸਿਲੇ ਨਾਲ ਸਤਿਗੁਰ ਨਾਲ ਮਿਲਾਪ ਹੋਇਆ, ਜੀਵਨ ਦੇ ਵਿਚ ਕਈ ਕੁਝ ਵਾਪਰਿਆ ਜਿਸ ਦੇ ਨਾਲ ਉਨਾ ਦਾ ਮਿਲਾਪ ਹੋਇਆ. ਸਤਿਗੁਰੂ ਦੇ ਸੰਪਰਕ ਵਿਚ ਆਉਣ ਤੋਂ ਪਹਿਲਾਂ ਉਹ ਕਦਮ ਦਰ ਕਦਮ ਕਈ ਪੱਧਰਾਂ ਤੋਂ ਨਿਕਲੇ, ਵੱਖ ਵੱਖ ਤਰਾਂ ਦੀ ਜਿਗਿਆਸਾ ਹੋਈ, ਉਨ੍ਹਾਂ ਨੂੰ ਕਈ ਤਰ੍ਹਾਂ ਦੀਆਂ ਨਿਰਾਸ਼ਾਵਾਂ, ਭੌਤਿਕ ਸੰਸਾਰ ਵਿਚ ਵੱਖ-ਵੱਖ ਕਿਸਮ ਦੇ ਦਰਦ ਅਤੇ ਪੀੜ ਦਾ ਅਹਿਸਾਸ ਹੋਇਆ. ਇਨ੍ਹਾਂ ਸਭ ਨਾਲ ਉਹ ਇਸ ਮਾਰਗ ਲਈ ਤਿਆਰ ਹੋਏ. ਤੇ ਜਦੋਂ ਉਹ ਤਿਆਰ ਹੁੰਦੇ ਹਨ, ਤਾਂ ਇਤਫ਼ਾਕ ਨਾਲ ਉਨ੍ਹਾਂ ਦੀ ਜਿੰਦਗੀ ਵਿਚ ਇਕ ਵਿਅਕਤੀ ਆਉਂਦਾ ਹੈ ਜੋ ਕਿ ਪਰਮ ਸੰਤ ਸਤਿਗੁਰੂ ਹੁੰਦਾ ਹੈ. ਅਤੇ ਉਹ ਉਸ ਜਿਗਿਆਸੂ ਨੂੰ ਉਸ ਦੇ ਮਨ ਦੀ ਦੁਬਿਦਾ ਦੇ ਬਾਵਜੂਦ ਬਹੁਤ ਜਲਦੀ ਇਸ ਦੇ ਯੋਗ ਬਣਾ ਦੇਂਦੇ ਹਨ ਕਿ ਉਸ ਨੂੰ ਪਤਾ ਲੱਗ ਜਾਏ ਕਿ ਇਹ ਇਕ ਪਰਮ ਸੰਤ ਸਤਿਗੁਰੂ ਹੈ.

ਸੋ ਇਹ ਇਕ ਅਜਿਹੀ ਚੀਜ਼ ਹੈ ਜੋ ਬੌਧਿਕ ਜਾਂ ਤਰਕ ਦੇ ਸਿਧਾਂਤਾਂ ਤੇ ਅਧਾਰਿਤ ਨਹੀਂ ਹੈ. ਇਹ ਅੰਦਰੂਨੀ ਭਾਲ ਦੀ ਤੀਬਰਤਾ ਤੇ ਆਧਾਰਿਤ ਹੈ. ਜੇਕਰ ਤੁਸੀਂ ਤੀਬਰਤਾ ਨਾਲ ਖੋਜ ਕਰਦੇ ਹੋ ਤਾਂ, ਤਾਂ ਸਤਿਗੁਰੂ ਤੁਹਾਨੂੰ ਲਿਜਾਣ ਲਈ ਆਵੇਗਾ. ਨਿਰਸੰਦੇਹ, ਮਨ ਸਵਾਲ ਕਰੇਗਾ, ਮਨ ਸ਼ੱਕ ਕਰੇਗਾ, ਕਿਉਂਕਿ ਸੋਚਣ ਤੋਂ ਇਲਾਵਾ ਮਨ ਯੋਜਨਾ ਬਣਾਉਣ ਦਾ, ਸੂਝ ਬੂਜ ਨਾਲ ਚੀਜਾਂ ਨੂੰ ਤਰਤੀਬ ਦੇਣ ਦਾ, ਅਤੇ ਤਰਕ ਦਾ ਕੰਮ ਵੀ ਕਰਦਾ ਹੈ.

ਅਤੇ ਇਸ ਲਈ, ਮਨ ਹਰ ਚੀਜ਼ ਤੇ ਸਵਾਲ ਖੜ੍ਹਾ ਕਰੇਗਾ. ਹਰ ਚੀਜ ਤੇ ਸਵਾਲ ਕਰਨ ਕਰਕੇ, ਸੰਦੇਹ ਪੈਦਾ ਕਰਨਾ ਇਸ ਦੀ ਬਿਰਤੀ ਹੈ ਅਤੇ ਹਰ ਚੀਜ ਤੇ ਸੰਦੇਹ ਕਰਦਾ ਹੈ. ਜੇ ਤੁਸੀਂ ਮਨ ਨੂੰ ਇਕ ਸਪੱਸ਼ਟ ਸੰਕੇਤ ਦਿੰਦੇ ਹੋ ਤਾਂ ਇਸਦਾ ਉੱਤਰ ਹੋਵੇਗਾ, “ਇਸ ਵਿਚ ਜ਼ਰੂਰ ਕੋਈ ਲੁਕਿਆ ਹੋਇਆ ਹੈ, ਮੈਨੂੰ ਪਤਾ ਲਗਾਉਣਾ ਹੋਵੇਗਾ ਕਿ ਅਜਿਹਾ ਕੀ ਹੋ ਸਕਦਾ ਹੈ.” ਸ਼ੱਕ ਕਰਨਾ ਮਨ ਦੀ ਬਿਰਤੀ ਹੈ ਅਤੇ ਇਸ ਲਈ, ਮਨ ਵਿੱਚ ਵਿਚ ਹਰ ਸਮੇਂ ਸ਼ੰਕਾ ਪੈਦਾ ਹੁੰਦੀ ਰਹਿੰਦੀ ਹੈ. ਇਹ ਸ਼ੱਕ ਡਰ ਨੂੰ ਜਨਮ ਦਿੰਦਾ ਹੈ.

ਜਦੋਂ ਤੁਹਾਨੂੰ ਸ਼ੱਕ ਹੋਵੇਗਾ ਤਾਂ ਇਸ ਨਾਲ ਤੁਹਾਨੂੰ ਡਰ ਵੀ ਹੋਵੇਗਾ. ਇਸ ਲਈ ਮਨ ਵਿਚ ਸ਼ੱਕ ਅਤੇ ਡਰ ਹਰ ਸਮੇਂ ਉਪਜਦੇ ਰਹਿੰਦੇ ਹਨ, ਜੋ ਰੂਹਾਨੀਅਤ ਦੇ ਜਿਗਿਆਸੂ ਲਈ ਚੰਗੇ ਨਹੀਂ, ਪਰ ਇਹ ਹੀ ਰਸਤੇ ਵਿਚ ਅੜਿਕਾ ਪਾਉਂਦੇ ਹਨ . ਇਸ ਲਈ ਇਕ ਜਿਗਿਆਸੂ ਜੋ ਆਪਣੀ ਆਤਮਾ ਦੀ ਤਹਿ ਦੀ ਤੀਬਰ ਜਿਗਿਆਸਾ ਨਾਲ ਜਦੋਂ ਕਿਸੇ ਅਜਿਹੇ ਵਿਅਕਤੀ ਦੇ ਸੰਪਰਕ ਵਿਚ ਆਉਂਦਾ ਹੈ, ਜੋ ਇਕ ਪਰਮ ਸੰਤ ਸਤਿਗੁਰੂ ਹੁੰਦਾ ਹੈ ਤਾਂ ਵੀ ਮਨ ਇਹਨਾਂ ਸ਼ੰਕਿਆਂ ਅਤੇ ਡਰ ਨੂੰ ਪੈਦਾ ਕਰਦਾ ਹੈ.

ਅਤੇ ਇਹਨਾਂ ਤੇ ਕਾਬੂ ਪਾਉਣ ਲਈ, ਸਮਾਂ ਲੱਗਦਾ ਹੈ, ਪਰ ਪਰਮ ਸੰਤ ਸਤਿਗੁਰੂ ਦਾ ਤਰੀਕਾ ਇਹ ਹੁੰਦਾ ਹੈ ਕਿ ਪਹਿਲਾਂ ਪਹਿਲ ਉਹ ਤੁਹਾਡੇ ਨਾਲ ਸਹਿਮਤ ਹੁੰਦੇ ਹਨ ਤਾਂ ਕਿ ਤੁਹਾਡਾ ਮਨ ਸੰਤੁਸ਼ਟ ਹੋ ਜਾਵੇ ਅਤੇ ਇਸ ਦੀ ਤਸੱਲੀ ਹੋ ਜਾਏ . ਪਹਿਲਾਂ ਤੁਹਾਡੇ ਸਵਾਲਾਂ ਦਾ ਜਵਾਬ ਦੇਣਾ, "ਠੀਕ ਹੈ, ਕੀ ਹਨ ਤੁਹਾਡੇ ਸਵਾਲ." "ਮਿਲੇ ਗਏ ਜਵਾਬ?" "ਹੋਰ ਕੁਝ ਪੁਛਣਾ ਹੈ?" "ਹਾਂ ਹੋਰ ਸਵਾਲ ਹਨ." "ਠੀਕ ਹੈ, ਪੁਛੋ." ਫਿਰ ਹੌਲੀ ਹੌਲੀ ਤੁਸੀਂ ਸੋਚਦੇ ਹੋ ਕਿ, "ਇਹ ਮੈਂ ਕੀ ਪੁਛ ਰਿਹਾ ਹਾਂ ? ਇਨ੍ਹਾਂ ਸਵਾਲਾਂ ਦੀ ਕੀ ਮਹੱਤਤਾ ਹੈ? ਮੇਰੀ ਜਿਗਿਆਸਾ ਇਹਨਾਂ ਪ੍ਰਸ਼ਨਾਂ ਨਾਲੋਂ ਕੀਤੇ ਵਧੇਰੇ ਡੂੰਘੀ ਹੈ. ਮੈਂ ਕਿਸ ਲਈ ਆਪਣੇ ਆਪ ਨੂੰ ਸੰਤੁਸ਼ਟ ਕਰਨ ਦੀ ਕੋਸ਼ਿਸ਼ ਕਰ ਰਿਹਾ ਹਾਂ? "

ਫਿਰ ਉਹ ਦੌਰ ਆਉਂਦਾ ਹੈ ਜਿਥੇ ਤੁਸੀਂ ਫਸ ਜਾਂਦੇ ਹੋ. ਉਤ ਵੇਲੇ ਤੁਹਾਡੇ ਕੋਲ ਪੁਛਣ ਲਈ ਕੋਈ ਸਵਾਲ ਨਹੀਂ ਹੁੰਦਾ ਹੈ. ਫਿਰ ਤੁਸੀਂ ਸਿਰਫ ਇਹ ਮਹਿਸੂਸ ਕਰਦੇ ਹੋ ਕਿ ਇਸ ਵਿਅਕਤੀ ਕੋਲ ਅਜਿਹਾ ਪਿਆਰ ਹੈ ਜਿਸਦਾ ਮੈਂ ਪਹਿਲਾਂ ਕਦੇ ਅਨੁਭਵ ਨਹੀਂ ਕੀਤਾ. ਇਕ ਸਤਿਗੁਰੂ ਸਾਨੂੰ ਬੇ ਸ਼ਰਤ ਪਿਆਰ ਦਿੰਦਾ ਹੈ ਅਤੇ ਦੂਜੇ ਹਰ ਪ੍ਰਕਾਰ ਦੇ ਪਿਆਰ ਨਾਲੋਂ ਵੱਖ ਹੁੰਦਾ ਹੈ. ਇਹ ਲੈਣ ਦੇਣ ਦਾ ਪਿਆਰ ਨਹੀਂ ਹੁੰਦਾ. ਇਹ ਇਸ ਗੱਲ ਤੇ ਅਧਾਰਤ ਨਹੀਂ ਹੈ ਕਿ ਅਸੀਂ ਬਦਲੇ ਵਿਚ ਕੀ ਕਰਦੇ ਹਾਂ. ਇਕ ਸਤਿਗੁਰੂ, ਜੇ ਉਹ ਇਕ ਪਰਮ ਸੰਤ ਸਤਿਗੁਰੂ ਹੈ, ਤਾਂ ਉਹ ਸਾਨੂੰ ਅਜਿਹੇ ਪਿਆਰ ਦਾ ਅਨੁਭਵ ਕਰਾਵੇਗਾ ਜੋ ਬਿਨਾਂ ਸ਼ਰਤ ਦੇ ਹੁੰਦਾ ਹੈ. ਤੁਸੀਂ ਇਸ ਪਿਆਰ ਦਾ ਅਨੁਭਵ ਇਸ ਕਰਕੇ ਨਹੀਂ ਕਰਦੇ ਕਿਉਂਕਿ ਤੁਸੀਂ ਸਤਿਗੁਰ ਨੂੰ ਪਿਆਰ ਕਰਦੇ ਹੋ. ਤੁਸੀਂ ਸਤਿਗੁਰ ਨਾਲ ਨਫ਼ਰਤ ਵੀ ਕਰ ਕਰੋ ਤਾਂ ਵੀ ਉਸ ਦੇ ਪਿਆਰ ਦਾ ਅਨੁਭਵ ਹੋਵੇਗਾ.

ਜੇ ਤੁਸੀਂ ਉਸਦੀ list ਜਾ ਸੂਚੀ ਵਿਚ ਹੋ, ਤਾਂ ਤੁਸੀਂ ਉਸ ਸਤਿਗੁਰੂ ਤੋਂ ਬੇ ਸ਼ਰਤ ਪਿਆਰ ਮਹਿਸੂਸ ਕਰੋਗੇ. ਤੁਸੀਂ ਜੋ ਵੀ ਚਾਹੋ ਕਰ ਲੋ, ਤੁਸੀਂ ਫਿਰ ਵੀ ਸਤਿਗੁਰ ਦਾ ਬੇ ਸ਼ਰਤ ਪਿਆਰ ਮਹਿਸੂਸ ਕਰੋਗੇ. ਇਹ ਉਸ ਮਨੁੱਖ ਨੂੰ ਹੋਰਨਾਂ ਮਨੁੱਖਾਂ ਤੋਂ ਵੱਖ ਕਰਦਾ ਹੈ ਅਤੇ ਹੌਲੀ ਹੌਲੀ ਤੁਹਾਨੂੰ ਇਹ ਅਹਿਸਾਸ ਹੁੰਦਾ ਹੈ ਕਿ ਇਕ ਇਹ ਵੱਖਰਾ ਸੰਬੰਧ ਹੈ. ਇਹ ਸਾਡੇ ਨਾਲ ਕੁਝ ਵੱਖਰਾ ਹੀ ਹੋ ਰਿਹਾ ਹੈ. ਇਹ ਉਦੋਂ ਹੁੰਦਾ ਹੈ ਜਦੋਂ ਇਸਦਾ ਪਤਾ ਲੱਗਦਾ ਹੈ ਤਦ ਸਤਿਗੁਰ ਦੀਆਂ ਹਦਾਇਤਾਂ ਦੀ ਪਾਲਣਾ ਸਾਡੇ ਮਨ ਅਤੇ ਸਾਡੀ ਇੰਦਰੀਆਂ, ਅਤੇ ਸ਼ਾਰੀਰਿਕ ਸੰਤੁਸ਼ਟੀ ਲਈ ਹੁੰਦੀਆਂ ਹਨ. ਉਹ ਕਹਿੰਦਾ ਹੈ, " ਅਭਿਆਸ ਕਰੋ. ਇਹਨਾਂ ਹਦਾਇਤਾਂ ਦੀ ਪਾਲਣਾ ਕਰੋ. ਇਹ ਕਰੋ, ਉਹ ਕਰੋ," ਮਨ ਕਹਿੰਦਾ ਹੈ, "ਇਹ ਤਾਂ ਬਹੁਤ ਸਿਆਣੀ ਅਤੇ ਸੁਲਝੀ ਗੱਲ ਲਗਦੀ ਹੈ. ਇਨ੍ਹਾਂ ਹਦਾਇਤਾਂ ਦੀ ਪਾਲਣਾ ਨਾਲ ਕੁਝ ਨਾ ਕੁਝ ਪ੍ਰਾਪਤ ਜ਼ਰੂਰ ਹੋਵੇਗਾ" ਅਤੇ ਅਸੀਂ ਉਨ੍ਹਾਂ ਦੀ ਪਾਲਣਾ ਸ਼ੁਰੂ ਕਰ ਦਿੰਦੇ ਹਾਂ.

ਅਖੀਰ ਵਿੱਚ ਸਾਨੂੰ ਪਤਾ ਲਗਦਾ ਹੈ ਇਹਨਾਂ ਵਿਚੋਂ ਪਿਆਰ ਅਤੇ ਗੁਰਭਕਤੀ ਤੋਂ ਸਵਾਏ ਕੁਝ ਵੀ ਜ਼ਰੂਰੀ ਨਹੀਂ ਸੀ. ਸਿਰਫ ਸਤਿਗੁਰੂ ਨਾਲ ਪਿਆਰ ਦੇ ਸੰਬੰਧ ਦੀ ਹੀ ਲੋੜ ਸੀ. ਮਨ ਇਸ ਤੋਂ ਨੂੰ ਸਵੀਕਾਰ ਨਹੀਂ ਕਰਦਾ. ਸੋ ਸਤਿਗੁਰੂ ਸਾਨੂੰ ਕਈ ਤਰਾਂ ਦੇ ਅਹਿਸਾਸਾਂ ਦਾ ਅਨੁਭਵ ਕਰਾਉਂਦਾ ਹੈ ਜੋ ਆਖਿਰਕਾਰ ਇਸ ਪਿਆਰ ਉਤੇ ਨਿਰਧਾਰਿਤ ਸਾਡੇ ਭਰੋਸੇ ਨੂੰ ਦ੍ਰਿੜ ਕਰ ਦਿੰਦੇ ਹਨ. ਇਹ ਭਰੋਸਾ ਹੋਰ ਅਨੁਭਵਾਂ ਤੋਂ ਨਹੀਂ ਬਣਦਾ. ਫਿਰ ਇਥੇ ਕੁਝ ਸਾਡੇ ਆਪਣੇ ਕਰਕੇ ਵੀ ਕੁਝ ਅਨੁਭਵ ਹੁੰਦੇ ਨੇ ਜੋ ਤਾਂ ਜੋ ਇਹ ਸਾਰਾ ਸੰਸਾਰਿਕ ਸ਼ੋ ਕਾਇਮ ਰਹੇ. ਸਥੂਲ ਸੰਸਾਰ ਵਿਚ ਸ੍ਰਿਸ਼ਟੀ ਦਾ ਪ੍ਰਦਰਸ਼ਨ ਕਾਇਮ ਰਹਿਣਾ ਚਾਹੀਦਾ ਹੈ. ਇਸ ਪ੍ਰਕ੍ਰਿਆ ਨੂੰ ਇਕ ਨਿਯਮ ਦੁਆਰਾ ਕਾਇਮ ਰਖਿਆ ਜਾ ਰਿਹਾ ਹੈ. ਉਸ ਨੂੰ ਕਰਮਾਂ ਦਾ ਨਿਯਮ ਆਖਦੇ ਹਨ. ਇਹ ਇਕ ਸ਼ਾਨਦਾਰ ਨਿਯਮ ਹੈ.

ਜੇ  ਮੇਨੂੰ  ਕਿਸੇ ਵੀ ਸੰਸਾਰ ਲਈ ਕੋਈ ਨਿਯਮ ਬਣਾਉਣਾ ਪਵੇ ਤਾਂ ਮੈਨੌਂ ਇਸ ਤੋਂ ਵਧੀਆ ਕੋਈ ਹੋਰ ਨਿਯਮ ਨਹੀਂ ਲੱਭ ਸਕਦਾ. ਕਰਮ ਦਾ ਕਾਨੂੰਨ ਬਹੁਤ ਹੀ ਸਪਸ਼ਟ ਹੈ, ਇਹ ਕਹਿੰਦਾ ਹੈ, "ਜੋ ਵੀ ਤੁਸੀਂ ਇਰਾਦਾ ਕਰਕੇ ਕਰਦੇ ਹੋ, ਤੁਹਾਨੂੰ ਉਸਦੇ ਨਤੀਜੇ ਜ਼ਰੂਰ ਮਿਲਣ ਗਈ. ਚੰਗਾ ਕਰੋਗੇ, ਤਾਂ ਤੁਹਾਨੂੰ ਇਨਾਮ ਮਿਲੇਗਾ,  ਬੁਰਾ ਕਰੋਗ ਤਾਂ ਤੁਹਾਨੂੰ ਸਜਾ ਮਿਲੇਗੀ. ਚੰਗੇ-ਮਾੜੇ ਕਰਮਾਂ ਕਰਕੇ ਤੁਹਾਨੂੰ ਇਨਾਮ ਅਤੇ ਸਜ਼ਾ ਦਿੱਤੀ ਜਾਂਦੀ ਹੈ. "ਇਹ ਨਹੀਂ ਹੈ ਕਿ ਇਹ ਕਰਮ ਕੋਈ ਇਕ ਦੂਜੇ ਨੂੰ ਰੱਦ ਕਰ ਸਕਣ.

ਇਹ ਕਰਮ ਕਦੇ ਵੀ ਇਕ ਦੂਜੇ ਨੂੰ ਰੱਦ ਨਹੀਂ ਕਰਦੇ. ਇਹ ਨਿਯਮ ਬਹੁਤ ਸੋਹਣਾ ਹੈ. ਇਹ ਨਿਯਮ ਸ੍ਰਿਸ਼ਟੀ ਤੇ ਪੂਰੀ ਤਰ੍ਹਾਂ ਲਾਗੂ ਹੈ. ਇਹ ਸ੍ਰਿਸਟੀ ਨੂੰ ਸਥਾਈ ਰਖਦਾ ਹੈ ਕਿਉਂਕਿ ਤੁਸੀਂ ਜੋ ਚਾਹੋ ਕਰ ਸਕਦੇ ਹੋ, ਅਤੇ ਤੁਸੀਂ ਉਸ ਦੇ ਨਤੀਜੇ ਭੁਗਤਣ ਲਈ ਇਥੇ ਆਉਂਦੇ ਹੋ, ਅਤੇ ਇਥੇ ਹੀ ਰਹਿੰਦੇ ਹੋ. ਬਚਣ ਦਾ ਕੋਈ ਤਰੀਕਾ ਨਹੀਂ. ਕਰਮਾਂ ਦੇ ਨਿਯਮ ਤੋਂ ਵੱਡੀ ਜੇਲ੍ਹ, ਇਸ ਤੋਂ ਵਧੀਆ ਫਸਣ ਦਾ ਜਾਲ ਕੋਈ ਹੋਰ ਨਹੀਂ ਹੋ ਸਕਦਾ. ਇਸ ਨਿਯਮ ਨੂੰ ਇਸ ਰੂਪ ਵਿੱਚ ਸਾਰੇ ਸੰਸਾਰ ਨੂੰ ਕਾਇਮ ਰੱਖਣ ਲਈ ਬਣਾਇਆ ਗਿਆ, ਕਿ ਜੋ ਵੀ ਤੁਸੀਂ ਕਰਦੇ ਹੋ, ਤੁਸੀਂ ਇੱਥੇ ਫੱਸੇ ਰਹਿੰਦੇ ਹੋ. ਤੁਸੀਂ ਬਾਹਰ ਨਹੀਂ ਆ ਸਕਦੇ.

ਲਗਾਤਾਰ ਚੰਗੇ ਕਰਮ ਕਰਦੇ ਹੋਏ ਤੁਸੀਂ ਬਹੁਤ ਉੱਚੇ ਰੁਤਬੇ ਨੂੰ ਪ੍ਰਾਪਤ ਕਰ ਸਕਦੇ ਹੋ. ਤੁਸੀਂ ਇਕ ਨਿਸ਼ਚਿਤ ਪੱਧਰ ਤੇ ਪਹੁੰਚ ਕੇ ਬ੍ਰਹਿਮੰਡ ਦੇ ਸਿਰਜਣਹਾਰ ਦੀ ਸਥਿਤੀ ਤੱਕ ਪਹੁੰਚ ਸਕਦੇ ਹੋ. ਇਹ ਕਿਹਾ ਜਾਂਦਾ ਹੈ ਕਿ ਕ੍ਰਿਸ਼ਨਾ, ਜੋ ਇਕ ਅਵਤਾਰ ਸਨ, ਵਿਸ਼ਨੂੰ ਦੇ ਅਵਤਾਰ, ਜੋ ਹਿੰਦੂ ਧਰਮ ਵਿਚ ਪਾਲਣਹਾਰ ਹਨ ... ਹਿੰਦੂ ਦੇਵੀ-ਦੇਵਤਿਆਂ ਦੀ ਲੰਮੀ ਸੂਚੀ ਵਿਚੋਂ, ਵਿਸ਼ਨੂੰ ਨੂੰ ਬ੍ਰਹਿਮੰਡ ਦਾ ਪਾਲਨਹਾਰਾ ਮੰਨਿਆ ਜਾਂਦਾ ਹੈ, ਅਤੇ ਉਹ ਅਵਤਾਰ ਦੇ ਰੂਪ ਵਿਚ ਆ ਕੇ ਸੰਸਾਰ ਦੀ ਸੰਭਾਲ ਕਰਦਾ ਹੈ. ਭਾਰਤੀ ਗ੍ਰੰਥਾਂ ਦਾ ਇਹ ਹੀ ਕਹਿਣਾ ਹੈ.

ਭਾਰਤੀ ਗ੍ਰੰਥਾਂ ਅਨੁਸਾਰ, ਅਵਤਾਰਾਂ ਵਿਚੋਂ ਇਕ ਪ੍ਰਸਿੱਧ ਅਵਤਾਰ, ਕ੍ਰਿਸ਼ਨ ਹੋਏ ਹਨ. ਅਸੀਂ ਉਹਨਾਂ ਨੂੰ ਕ੍ਰਿਸ਼ਨ ਭਗਵਾਨ ਕਹਿੰਦੇ ਹਾਂ, ਅਸੀਂ ਕ੍ਰਿਸ਼ਨ ਦੀ ਪੂਜਾ ਕਰਦੇ ਹਾਂ. ਹਵਾਈ ਵਿਚ ਬਹੁਤ ਸਾਰੇ ਲੋਕ, ਹੋਨੋਲੂਲੂ ਦੇ ਨਿਵਾਸੀ, ਕਹਿੰਦੇ ਹਨ, "ਹਰੇ ਕ੍ਰਿਸ਼ਨਾ, ਹਰੇ ਰਾਮਾ." ਹਵਾਈ ਅੱਡੇ ਤੇ ਉਹ ਕਹਿੰਦੇ ਸਨ, ਤੁਸੀਂ ਸ਼ਾਇਦ ਇਹ ਸੁਣਿਆ ਹੋਵੇ. ਕ੍ਰਿਸ਼ਨ ਜਦੋਂ ਬਹੁਤ ਛੋਟੇ ਸਨ ਤਾਂ ਉਨਾ ਨੂੰ ਪਤਾ ਸੀ ਕਿ ਉਹ ਸੰਸਾਰ ਦੀ ਨਿਰੰਤਰਤਾ ਨੂੰ ਕਾਇਮ ਰੱਖਣ ਅਤੇ ਦੇਖਣ ਲਈ ਆਏ ਸਨ, ਤੇ ਇਹ ਸੰਸਾਰ ਕਰਮਾਂ ਦੇ ਨਿਯਮ ਅਨੁਸਾਰ ਚੱਲ ਰਿਹਾ ਹੈ.

ਇਸਲਈ, ਬਹੁਤ ਛੋਟੀ ਉਮਰ ਵਿਚ ਉਹ ਆਪਣੇ ਮਿੱਤਰ ਉਦੋ ਨੂੰ ਇਕ ਵਾਕ ਕਹਿੰਦੇ ਹਨ, ਜੋ ਉਨ੍ਹਾਂ ਦਾ ਇਕ ਪ੍ਰਸਿਧ ਵਾਕ ਹੈ. ਉਹ ਉਸ ਨੌਜਵਾਨ ਮੁੰਡੇ ਉਦੋ ਨੂੰ ਕਹਿੰਦੇ ਹਨ ਅਤੇ ਉਸ ਸਮੇਂ ਕ੍ਰਿਸ਼ਨ ਖ਼ੁਦ ਇਕ ਨੌਜਵਾਨ ਹੈ, ਉਹ ਕਹਿੰਦੇ ਹਨ, "ਉਦੋ, ਕਰਮੋਂ ਕਿ ਗਤ ਨਿਆਰੀ ਸੇ"...; ਇਹ ਕਿ ਕਰਮਾਂ ਦੀ ਪ੍ਰਕਿਰਤੀ ਬਹੁਤ ਹੀ ਅਜੀਬ ਹੈ ਅਤੇ ਉਸ ਬਾਰੇ ਜਾਨਣਾ ਬਹੁਤ ਹੀ ਮੁਸ਼ਕਿਲ ਹੈ. ਅਤੇ ਫਿਰ ਉਹ ਜ਼ਮੀਨ ਤੇ ਰੇਂਗਦੀ ਇਕ ਕੀੜੀ ਵੱਲ ਇਸ਼ਾਰਾ ਕਰਕੇ ਕਹਿੰਦੇ ਹਨ, "ਉਦੋ, ਧਰਤੀ ਤੇ ਰੇਂਗਦੀ ਉਹ ਕੀੜੀ ਨਜ਼ਰ ਆਉਂਦੀ ਹੈ? ਉਸਨੇ ਇੱਕ ਕੀੜੀ ਦਾ ਰੂਪ ਲਿਆ ਹੈ. ਇਹ ਕਦੀ ਇਸ ਸ੍ਰਿਸ਼ਟੀ ਦਾ ਸਿਰਜਣਹਾਰ ਬ੍ਰਹਮਾ ਹੋਇਆ ਕਰਦਾ ਸੀ. ਉਹ ਕਦੇ ਇਸ ਸਵਰਗ ਦਾ ਰਾਜਾ ਇੰਦਰ ਵੀ ਹੋਇਆ ਸੀ. ਕਰਮਾਂ ਦੇ ਨਿਯਮ ਨੇ ਉਸ ਨੂੰ ਇਨਾ ਪਦਵੀਆਂ ਤੇ ਪਹੁੰਚਾਇਆ ਅਤੇ ਕਰਮਾਂ ਦੇ ਨਿਯਮਾਂ ਨੇ ਹੀ ਹੁਣ ਉਸਨੂੰ ਇਕ ਕੀੜੇ ਦਾ ਰੂਪ ਦਿੱਤਾ ਹੈ. "

ਕਰਮਾਂ ਦੇ ਨਿਯਮ ਇਤਨੇ ਸਖਤ ਹਨ ਕਿ ਕਦੀ ਤੁਸੀਂ ਸ੍ਰਿਸ਼ਟੀ ਦੇ ਸਿਰਜਣਹਾਰ ਦੀ ਪਦਵੀ ਤੇ ਹੁੰਦੇ ਹੋ ਅਤੇ ਕਦੀ ਕੀੜੇ ਬਣ ਜਾਂਦੇ ਹੋ? ਉਹ ਕਹਿੰਦੇ ਹਨ, "ਕਰਮਾਂ ਦੇ ਨਿਯਮ ਇਤਨੇ ਸਖਤ ਹਨ ਕਿ ਉਹ ਇਸ ਸੰਸਾਰ, ਇਸ ਬ੍ਰਹਿਮੰਡ ਨੂੰ ਲਗਾਤਾਰ ਚਲਾਈ ਰੱਖਦੇ ਹਨ. ਇਹ ਰਚਨਾ ਹੁਣ ਸਿਰਜਨਹਾਰ ਵਾਂਗ ਸਥਾਈ ਹੈ, ਅਤੇ ਜਦੋਂ ਤੁਸੀਂ ਇਸ ਸ੍ਰਿਸ਼ਟੀ ਨੂੰ ਖਤਮ ਕਰ ਦਿੰਦੇ ਹੋ, ਤਾਂ ਤੁਸੀਂ ਉਸੇ ਕਾਨੂੰਨ ਦੇ ਜਰਿਏ ਨਵੀਂ ਸ੍ਰਿਸ਼ਟੀ ਦੇ ਬੀਜ ਬੋ ਦੇਂਦੇ ਹੋ ."

ਇਸ ਲਈ ਕਰਮਾਂ ਦੇ ਇਹ ਨਿਯਮ ਸਾਨੂੰ ਇੱਥੇ ਬੰਨ੍ਹ ਕੇ ਰੱਖਦੇ ਹਨ. ਇਹ ਮਾਨਸਿਕ ਕਾਨੂੰਨ ਹਨ ਜਿਸਨੂੰ ਮਨ ਸਵੀਕਾਰ ਕਰਦਾ

ਹੈ. ਹਰ ਦੇਸ਼ ਦੇ ਕਾਨੂੰਨ ਇਸੇ ਢਾਂਚੇ ਤੇ ਬਣੇ ਹਨ. ਤੁਸੀਂ ਚੰਗੇ ਕੰਮ ਕਰਦੇ ਹੋ, ਤਾਂ ਤੁਹਾਨੂੰ ਇਨਾਮ ਮਿਲਦਾ ਹੈ. ਤੁਸੀਂ ਬੁਰਾ ਕਰਦੇ ਹੋ, ਤਾਂ  ਤੁਹਾਨੂੰ ਸਜਾ ਮਿਲਦੀ ਹੈ, ਅਤੇ ਇਹ ਸਜ਼ਾ ਇਸਤੇ ਨਿਰਭਰ ਕਰਦੀ ਹੈ ਕਿ ਤੁਸੀਂ ਕਿੰਨਾ ਕੁ ਮਾੜਾ ਕੰਮ ਕੀਤਾ ਹੈ. ਜਿਵੇਂ ਸ਼ੇਕਸਪੀਅਰ ਕਹਿੰਦਾ ਹੈ, "ਕੁਝ ਵੀ ਚੰਗਾ ਜਾਂ ਮਾੜਾ ਨਹੀਂ ਹੁੰਦਾ ਹੈ, ਮਨ ਉਸਨੂੰ ਚੰਗਾ ਜਾਂ ਮਾੜਾ ਬਣਾਉਂਦਾ ਹੈ. "ਸਾਡੀ ਆਪਣੀ ਜ਼ਮੀਰ, ਜੋ ਕਿ ਮਨ ਦਾ ਇਕ ਪਹਿਲੂ ਹੈ, ਮਨ ਦਾ ਉਹ ਪਹਿਲੂ ਜੋ ਜ਼ਮੀਰ ਹੈ, ਕਹਿੰਦੀ ਹੈ , "ਇਹ ਚੰਗਾ ਹੈ, ਇਹ ਬੁਰਾ ਹੈ ". ਅਸੀਂ ਇਸ  ਦੇ ਨਾਲ ਖੁਦ ਨੂੰ ਫਸਾ ਲੈਂਦੇ ਹਾਂ.

ਇਸ ਸਭ ਤੋਂ ਬਾਹਰ ਨਿਕਲਣ ਦਾ ਕੋਈ ਤਰੀਕਾ ਨਹੀਂ , ਅਤੇ ਕੋਈ ਵੀ ਸਾਨੂੰ ਇਹ ਨਹੀਂ ਦੱਸ ਸਕਦਾ ਕਿ ਇਸ ਤੋਂ ਬਾਹਰ ਕਿਵੇਂ ਨਿਕਲਣਾ ਹੈ ਸਿਵਾਏ ਉਸ ਦੇ ਜੋ ਇਸ ਪੂਰੀ ਪ੍ਰਣਾਲੀ ਦੇ ਬਾਹਰੋਂ ਕੰਮ ਕਰ ਰਿਹਾ ਹੈ. ਇਸ ਪ੍ਰਣਾਲੀ ਤੋਂ ਬਾਹਰ ਕੌਣ ਹੈ ? ਸਾਡੀ ਆਤਮਾ, ਸਾਡੀ ਚੇਤਨਾ. ਅਸੀਂ ਹੁਣ ਵੀ ਜੋ ਇੱਥੇ ਬੈਠੇ ਇੱਕ ਦੂਜੇ ਨਾਲ ਗੱਲ ਕਰ ਰਹੇ ਹਾਂ, ਇਹ ਆਤਮਾ ਇਸ ਪ੍ਰਣਾਲੀ ਤੋਂ ਬਾਹਰ ਹੈ, ਮਨ ਤੋਂ ਪਰੇ ਹੈ ਪਰ ਅਸੀਂ ਫੱਸੇ ਹੋਏ ਹਾਂ ਕਿਉਂਕਿ ਅਸੀਂ ਆਪਣੇ ਆਪ ਨੂੰ ਮਨ ਸਮਝਦੇ ਹਾਂ. ਅਸੀਂ ਆਪਣੇ ਆਪ ਗਿਆਨ ਇੰਦਰੀਆਂ  ਦੇ ਤੌਰ ਤੇ ਪਛਾਣਦੇ ਹਾਂ. ਅਸੀਂ ਆਪਣੇ ਆਪ ਨੂੰ ਸਰੀਰ ਕਰਕੇ ਪਛਾਣਦੇ ਹਾਂ, ਅਤੇ ਅਸੀਂ ਇੱਥੇ ਹੀ ਫਸ ਗਏ.

ਪਰਮ ਸੰਤ ਸਤਿਗੁਰੂ, ਭਾਵੇਂ ਕਿ ਉਹ ਸਾਡੀ ਜਿੰਦਗੀ ਵਿਚ ਮਨੁੱਖੀ ਰੂਪ ਵਿਚ ਹੋਣ, ਜਦੋਂ ਉਹ ਸਾਡੇ ਨਾਲ ਮਨੁੱਖੀ ਰੂਪ ਵਿਚ ਗੱਲਬਾਤ ਕਰ ਰਹੇ ਹੁੰਦੇ ਹਨ, ਉਹ ਉਦੋਂ ਵੀ ਮਨ ਤੋਂ ਪਰੇ, ਚੇਤਨਾ ਨਾਲ ਜੁੜੇ ਹੋਏ ਹੁੰਦੇ ਹਨ. ਸਾਡੇ ਨਾਲ ਗੱਲਬਾਤ ਕਰਦੇ ਸਮੇ ਵੀ ਉਹ ਅਸਲੀਅਤ ਦੇ ਸੰਪਰਕ ਵਿਚ ਹੁੰਦੇ ਹਨ. ਇਸ ਲਈ, ਅਜਿਹੇ ਲੋਕਾਂ ਦੀ ਸੰਗਤ  ਬਹੁਤ ਹੀ ਅਲੱਗ ਤਰਾਂ ਦੀ ਹੁੰਦੀ ਹੈ. ਜਦੋਂ ਤੁਸੀਂ ਉਨ੍ਹਾਂ ਦੀ ਸੰਗਤ ਕਰਦੇ ਹੋ, ਤਾਂ ਉਹ ਉਸ ਸਮੇਂ ਵੀ ਉਹ ਸਮੁੱਚੀ ਚੇਤਨਾ ਦੇ ਗਿਆਨ ਵਾਲੀ ਅਵਸਥਾ ਤੋਂ ਗੱਲ ਕਰ ਰਹੇ ਹੁੰਦੇ ਨੇ ਜਿਸ ਸਮੁੱਚੀ ਚੇਤਨਾ ਵਿਚ ਤੁਸੀਂ ਅਤੇ ਉਹ ਵਿਅਕਤੀ ਦੋਵੇਂ ਸ਼ਾਮਲ ਹੁੰਦੇ ਹਨ. ਜਦ ਤੁਸੀਂ ਇਕ ਪਰਮ ਸੰਤ ਸਤਿਗੁਰੂ ਨੂੰ ਮਨੁੱਖੀ ਸਰੀਰ ਵਿਚ ਵੇਖਦੇ ਹੋ, ਤਾਂ ਤੁਸੀਂ ਕਿਸੇ ਵਿਅਕਤੀ ਨੂੰ ਨਹੀਂ ਦੇਖ ਰਹੇ ਹੁੰਦੇ ਹੋ. ਤੁਸੀਂ ਆਪਣੇ ਆਪ ਨੂੰ ਅਤੇ ਉਸ ਵਿਅਕਤੀ ਨੂੰ ਇਕੱਠੇ ਦੇਖ ਰਹੇ ਹੁੰਦੇ ਹੋ, ਪਰ ਤੁਹਾਨੂੰ ਇਸ ਸੱਚਾਈ ਦਾ ਪਤਾ ਨਹੀਂ ਹੁੰਦਾ. ਤੁਸੀਂ ਸਿਰਫ  ਬਾਹਰ ਵੱਲ ਵੇਖ ਰਹੇ ਹੁੰਦੇ ਹੋ ਪਰੰਤੂ ਪਰਮ ਸੰਤ ਸਤਿਗੁਰੂ ਦੋਹਾਂ ਨੂੰ ਵੇਖ ਰਿਹਾ ਹੁੰਦਾ ਹੈ. ਉਹ ਤੁਹਾਨੂੰ ਤੁਹਾਡੀ ਸਮੁੱਚਤਾ ਜਾ ਪੂਰਨ ਰੂਪ ਵਿਚ ਵੇਖ ਰਿਹਾ ਹੁੰਦਾ ਹੈ, ਆਪਣੇ ਆਪ ਨੂੰ ਆਪਣੀ ਸਮੁੱਚਤਾ ਦੇ ਰੂਪ ਵਿਚ ਵੇਖ ਰਿਹਾ ਹੁੰਦਾ ਹੈ, ਅਤੇ ਇਨਾ ਦੋਵਾਂ ਵਿਚ ਕੋਈ ਫਰਕ ਨਹੀਂ.

ਉਨ੍ਹਾਂ ਦੇ ਨਜ਼ਰੀਏ ਤੋਂ ਦੇਖੋ. ਦੇਖੋ ਕਿ ਇਸ ਕਿਸਮ ਦੇ ਸਤਿਗੁਰੂ ਦਾ ਦ੍ਰਿਸ਼ਟੀਕੋਣ ਕਿਸ ਤਰਾਂ ਦਾ ਹੋਵੇਗਾ. ਜਦੋਂ ਅਸੀਂ ਇਕ ਅਜਿਹੇ ਵਿਅਕਤੀ ਨੂੰ ਮਿਲਦੇ ਹਾਂ, ਸਾਡੇ ਅਤੇ ਦੁਨੀਆ ਵੱਲ ਵੇਖਦੇ ਹੋਏ ਉਹ ਕੀ ਦੇਖ ਰਿਹਾ ਹੁੰਦਾ ਹੈ. ਉਹ ਏਕਤਾ ਵੇਖ ਰਿਹਾ ਹੁੰਦਾ ਹੈ. ਉਹ ਆਪਣੇ ਆਪ ਨੂੰ ਵੇਖ ਰਿਹਾ ਹੁੰਦਾ ਹੈ.  ਉਹ ਦੇਖ ਹੁੰਦਾ ਹੈ  ਕਿ ਕਿਵੇਂ ਇਸ ਰਚਨਾ ਦੀ ਸਥਾਪਨਾ ਕੀਤੀ ਗਈ. ਉਹ ਦੇਖਦਾ ਹੈ ਕਿ ਇਕ ਹੀ ਚੇਤਨਾ ਦੇ ਵੱਖੋ-ਵੱਖਰੇ ਦ੍ਰਿਸ਼ਟੀਕੋਣਾਂ ਦਾ ਅਨੁਭਵ ਕਰਨ ਲਈ ਵੱਖਰੀਆਂ ਵੱਖਰੀਆਂ ਆਤਮਾਵਾਂ ਨੂੰ ਕਿਵੇਂ ਬਣਾਇਆ ਗਿਆ ਅਤੇ ਕਿਸ ਤਰਾਂ ਕੁਝ ਕੁ ਆਤਮਾਵਾਂ ਸਮੁੱਚਤਾ ਵਿਚ ਵਾਪਸ ਜਾਣ ਲਈ ਤਿਆਰ ਹਨ, ਅਤੇ ਕੁਝ ਅਜੇ ਇੱਥੇ ਹੀ ਕਾਰਜਸ਼ੀਲ ਹਨ. ਉਹ ਇਹ ਦੇਖ ਰਿਹਾ ਹੁੰਦਾ ਹੈ.

ਇਸ ਲਈ, ਜਦੋਂ ਅਸੀਂ ਅਜਿਹੇ ਵਿਅਕਤੀ ਦੀ ਸੰਗਤ ਵਿਚ ਆਉਂਦੇ ਹਾਂ ਅਤੇ ਉਹ ਕਹਿੰਦਾ ਹੈ  ਮੈਂ ਤੁਹਾਨੂੰ ਪ੍ਰਵਾਨ ਕਰਦਾ ਹਾਂ. ਤੁਹਾਡਾ ਨਾਮ ਮੇਰੀ ਸੂਚੀ ਵਿੱਚ ਹੈ. ਇਕ ਇਨਸਾਨ ਵਾਂਗ ਮੈ ਇੱਥੇ ਆਇਆ ਹਾਂ. ਮੇਰੇ ਸੂਚੀ ਸੀਮਤ ਹੈ. ਮੈਂ ਬ੍ਰਹਿਮੰਡ ਵਿੱਚ ਖਿੰਡੀਆਂ ਹੋਈਆਂ ਖਰਬਾਂ ਆਤਮਾਵਾਂ ਲਈ ਨਹੀਂ ਆਇਆ. ਮੈਂ ਇਥੇ ਇਕ ਸੀਮਤ ਗਿਣਤੀ ਲਈ ਆਇਆ ਹਾਂ ਜੋ ਤਿਆਰ ਹਨ. ਮੈਂ ਉਨ੍ਹਾਂ ਲਈ ਆਇਆ ਹਾਂ. ਬਾਕੀਆਂ ਲਈ ਹੋਰ ਜਾਣੇ ਆਉਣਗੇ. ਉਹ ਹਮੇਸ਼ਾਂ ਹੀ ਆਉਂਦੇ ਰਹਿੰਦੇ ਹਨ . ਆਪਣੀ ਪੂਰੀ ਚੇਤਨਾ ਨਾਲ ਨਿਵਾਜੇ ਹੋਏ ਮਨੁੱਖ ਹਮੇਸ਼ਾਂ ਆਉਂਦੇ ਰਹਿਣਗੇ, ਅਤੇ ਉਨ੍ਹਾਂ ਨੂੰ ਪਰਮ ਸੰਤ ਸਤਿਗੁਰੂ ਕਿਹਾ ਜਾਂਦਾ ਹੈ, ਅਤੇ ਉਹ ਉਨ੍ਹਾਂ ਆਤਮਾਵਾਂ ਨੂੰ ਵਾਪਸ ਲੈਜਾਣ ਗੇ ਜਿਨ੍ਹਾਂ ਦਾ ਨਾਮ ਉਨ੍ਹਾਂ ਦੀ ਸੂਚੀ ਵਿਚ ਹੈ. ਉਹ marked  ਜਾ ਚਿੰਨ੍ਹਿਤ ਰੂਹਾਂ ਹਨ. ਉਹ ਇਕ ਅਯਾਲੀ ਵਾਂਗ ਹਨ ਜੋ ਆਪਣੀਆਂ ਭੇਡਾਂ ਨੂੰ ਇਕੱਠਾ ਕਰਨ ਆਉਂਦਾ ਹੈ. ਇਹ ਇਸੇ ਤਰਾਂ ਹੈ.

ਇਸ ਲਈ, ਜਦੋਂ ਕੋਈ ਵਿਅਕਤੀ ਜੋ ਇਕ ਪਰਮ ਸੰਤ ਸਤਿਗੁਰੂ ਹੁੰਦਾ ਹੈ ਆ ਕੇ ਸਾਨੂ ਸਵੀਕਾਰ ਕਰਦਾ ਹੈ, ਤਾਂ ਅਸੀਂ ਇਸ ਕਿਰਿਆ ਨੂੰ "ਦੀਖਿਆ ਜਾ ਨਾਮ ਦਾਨ ਮਿਲਣਾ " ਕਹਿੰਦੇ ਹਾਂ. ਅਸੀਂ ਕਹਿੰਦੇ ਹਾਂ, "ਇੱਕ ਪਰਮ ਸੰਤ ਸਤਿਗੁਰੂ ਕੋਲੋਂ ਦੀਖਿਆ ਲੈਣੀ ਬਹੁਤ ਵੱਡੀ ਗੱਲ ਹੈ." ਮੈਂ ਇਸੇ ਤਰਾਂ ਸਮਝਦਾ ਹਾਂ. ਮੈਂ ਸਮਝਦਾ ਹਾਂ ਕਿ ਮਨੁੱਖੀ ਜਾ ਹੋਰ ਕਿਸੇ ਜੀਵਨ ਵਿੱਚ ਹੋਰ ਕੋਈ ਵੀ ਐਸੀ ਘਟਨਾ ਨਹੀਂ ਜੋ ਇਸ ਦਾ ਮੁਕਾਬਲਾ ਕਰ ਸਕੇ. ਮੈਂ ਕਿਸੇ ਵੀ ਹੋਰ ਘਟਨਾ ਬਾਰੇ ਨਹੀਂ ਜਾਣਦਾ ਜਿਸਦੀ ਤੁਲਨਾ ਇਸ ਨਾਲ ਹੋ ਸਕੇ ਕਿ ਪਰਮ ਸੰਤ ਸਤਿਗੁਰੂ ਦਾ ਸਾਡੇ ਜੀਵਨ ਵਿਚ ਆ ਕੇ ਇਹ ਕਹਿਣਾ, "ਮੈਂ ਤੁਹਾਨੂੰ ਦੀਖਿਆ ਜਾ ਨਾਮ ਦਾਨ ਲਈ ਸਵੀਕਾਰ ਕਰਦਾ ਹਾਂ."

ਇਹ ਘਟਨਾ ਸਭ ਕੁਝ ਬਦਲ ਦਿੰਦੀ ਹੈ. ਇਹ ਉਸ ਪਲ ਤੋਂ ਹੀ ਸਭ ਕੁਝ ਬਦਲ ਦਿੰਦੀ ਹੈ. ਇਹ ਤੁਹਾਡੀ ਜ਼ਿੰਦਗੀ ਦੀ ਸਭ ਤੋਂ ਵੱਡੀ ਤਬਦੀਲੀ ਹੈ. ਤੁਸੀਂ ਇਸ ਤੋਂ ਬਾਦ ਹੁਣ ਕਰਮਾਂ ਦੇ ਨਿਯਮਾਂ ਵਿਚ ਨਹੀਂ ਬੱਝੇ ਰਹਿੰਦੇ. ਹੁਣ ਤੁਸੀਂ ਕਿਸੇ ਵੀ ਅਜਿਹੀ ਚੀਜ ਨਾਲ ਨਹੀਂ ਬੱਝੇ ਹੁੰਦੇ ਜੋ ਤੁਹਾਨੂੰ ਇਥੇ ਬੰਨ੍ਹ ਕੇ ਰੱਖ ਸਕਦੀ ਹੋਵੇ. ਹਰ ਚੀਜ਼ ਹੁਣ ਚੇਤਨਾ ਦੀ ਸਮੁੱਚਤਾ ਦੇ ਅਧੀਨ ਚੱਲੇਗੀ. ਇਹ ਸਮੁੱਚੀ ਚੇਤਨਾ ਇਕ ਸਤਿਗੁਰੂ ਦੇ ਜਰੀਏ ਕਮ ਕਰਦੀ ਹੈ. ਇਸ ਤੋਂ ਬਾਦ ਇਹ ਸਤਿਗੁਰ ਤੁਹਾਡੀ ਸਥਾਨਕ ਚੇਤਨਾ ਵਿੱਚ ਪ੍ਰਗਟ ਹੁੰਦਾ ਹੈ. ਇੱਥੋਂ ਤੱਕ ਕਿ ਤੁਹਾਡੀ ਸਥੂਲ ਚੇਤਨਾ ਵਿਚ ਵੀ ਪ੍ਰਗਟ ਹੁੰਦਾ ਹੈ ਅਤੇ ਰੋਜ਼ਾਨਾ ਅਧਾਰ ਤੇ ਅਸੀਂ ਬਾਹਰਲੇ ਸ਼ੇ ਵਿੱਚ ਇਸ ਸਮਬੰਦੀ ਵਾਪਰ ਰਹੀਆਂ ਘਟਨਾਵਾਂ ਨੂੰ ਵੇਖਣਾ ਸ਼ੁਰੂ ਕਰ ਦਿੰਦੇ ਹਾਂ.

"ਇਸ ਵਿਚ ਜਰੂਰ ਸਤਿਗੁਰੂ ਦਾ ਹੱਥ ਹੋਣਾ ਹੈ". "ਇਹ ਮੇਰੇ ਨਾਲ ਇਕ ਚਮਤਕਾਰ ਹੋਇਆ ਹੈ." "ਇਹ ਬਹੁਤ ਵਧੀਆ ਇੱਤਫਾਕ ਹੋਇਆ ਹੈ." "ਸਾਡੇ ਨਾਲ ਜੋ ਛੋਟੀਆਂ-ਛੋਟੀਆਂ ਚੀਜਾਂ ਵੀ ਵਾਪਰਦੀਆਂ ਹਨ, ਅਸੀਂ ਉਨ੍ਹਾਂ ਨੂੰ ਸਤਿਗੁਰੂ ਨਾਲ ਜੋੜਨਾ ਸ਼ੁਰੂ ਕਰ ਦੇਂਦੇ ਹਾਂ ਕਿਉਂਕਿ ਹੁਣ ਆਪ ਖੁਦ ਸ਼ਾਮਲ ਹੁੰਦਾ ਹੈ. ਉਹ ਪੂਰੀ ਤਰ੍ਹਾਂ ਸਾਡੇ ਨਾਲ ਹੁੰਦਾ ਹੈ . ਉਹ ਤੁਹਾਨੂੰ ਆਮ ਕਰਮਾਂ ਦੇ ਨਿਯਮਾਂ ਵਿੱਚੋਂ ਬਾਹਰ ਕੱਢ ਲੈਂਦੇ ਹਨ . ਤੁਸੀਂ ਕਰਮਾਂ ਦਾ ਬਹੁਤ ਵੱਡਾ ਭੰਡਾਰਾ ਇਕੱਠਾ ਕਰਿ ਬੈਠੇ ਹੋ.

ਮੈਂ ਕਈ ਵਾਰ ਤੁਹਾਡੇ ਨਾਲ ਇਸ ਗੱਲ ਦਾ ਜ਼ਿਕਰ ਕਰਦਾ ਹਾਂ ਕਿ ਸਦੀਆਂ ਸਦੀਆਂ ਤੋਂ ਅਸੀਂ ਸੈਂਕੜੇ ਜਨਮਾਂ ਅਤੇ ਪੁਨਰ ਜਨਮ ਦੇ ਬਹੁਤ ਕਰਮ ਇਕੱਠੇ ਕਰੀ ਬੈਠੇ ਹਾਂ ਜਿਨ੍ਹਾਂ ਨਾਲ ਭਵਿਖ ਵਿਚ ਲਖਾਂ ਹੋਰ ਜੀਵਨ ਹੋ ਸਕਦੇ ਹਨ. ਜਦੋਂ ਇੱਕ ਪਰਮ ਸੰਤ ਸਤਿਗੁਰੂ ਤੁਹਾਨੂੰ ਦੀਖਿਆ ਦਿੰਦਾ ਹੈ, ਤਾਂ ਉਹ ਇਕਠੇ ਕੀਤੇ ਹੋਏ ਕਰਮਾਂ ਨੂੰ ਸਾੜ ਅਤੇ ਨਸ਼ਟ ਕਰ ਦਿੰਦਾ ਹੈ. ਭਵਿੱਖ ਵਿਚ ਪੁਨਰ ਜਨਮ ਲਈ ਕੋਈ ਕਰਮ ਰਹਿੰਦਾ ਹੀ ਨਹੀਂ.

ਇਸ ਲਈ, ਜਿਹੜਾ ਨਿਯਮ ਇਸ ਬ੍ਰਹਿਮੰਡ ਨੂੰ ਸਹਾਰਾ ਦੇ ਰਿਹਾ ਅਤੇ ਚਲਾ ਰਿਹਾ ਹੈ, ਉਹ ਉਸ ਸਮੇਂ ਨਸ਼ਟ ਹੋ ਜਾਂਦਾ ਹੈ ਅਤੇ ਤੁਹਾਡੇ ਕੋਲ ਇਸ ਜੀਵਨ ਦੇ ਕੁਝ ਕੁ ਹੀ ਕਰਮ ਬੱਚਦੇ ਹਨ. ਜੋ ਕੁਝ ਥੋੜੇ-ਬਹੁਤ ਫੈਸਲੇ ਤੁਸੀਂ ਆਪਣੇ ਮਨ ਨਾਲ ਲੈ ਰਹੇ ਹੋ, ਇਸ ਜੀਵਨ ਵਿਚ ਜੋ ਵੀ ਆਪਣਾ ਫੈਸਲਾ ਖੁਦ ਲੈ ਰਹੇ ਹੋ, ਉਹ ਹੀ ਇਕੋ ਕਰਮ ਰਹਿ ਜਾਂਦੇ ਹਨ. ਇਹ ਬਹੁਤ ਵੱਡਾ ਬਦਲਾਵ ਹੈ, ਅਤੇ ਉਸ ਤੋਂ ਬਾਅਦ ਤੁਸੀਂ ਜਦੋਂ ਵੀ ਕਹਿੰਦੇ ਹੋ, "ਮੈਂ ਇਹ ਕੰਮ ਕਰਨਾ ਹੈ, ਮੈਂ ਆਪਣਾ ਫਰਜ਼ ਪੂਰਾ ਕਰਨਾ ਹੈ ਤਾਂ ਸਤਿਗੁਰੂ ਕਹਿੰਦਾ ਹੈ, "ਕਿਉਂ ਚਿੰਤਾ ਕਰਦੇ ਹੋ ? ਮੈਂ ਤੁਹਾਨੂੰ ਪ੍ਰਵਾਨ ਕਰ ਚੁਕਾ ਹਾਂ . ਮੈਂ ਤੁਹਾਡੇ ਸਾਰੇ ਕੰਮ ਕਰੂੰਗਾ.

ਕੀ ਤੁਹਾਨੂੰ ਪਤਾ ਹੈ ਕਿ ਜੇ ਤੁਹਾਨੂੰ ਇਕ ਪਰਮ ਸੰਤ ਸਤਿਗੁਰੂ ਨੇ ਦੀਖਿਆ ਦਿੱਤੀ ਹੈ ਅਤੇ ਤੁਸੀਂ ਉਸਨੂੰ ਕਹਿੰਦੇ ਹੋ, "ਸਤਿਗੁਰਾ ਹੁਣ ਮੇਨੂੰ ਦੀਖਿਆ ਮਿਲ ਚੁੱਕੀ ਹੈ. ਮੈਂ ਕੁਝ ਨਹੀਂ ਕਰਨਾ ਚਾਹੁੰਦਾ." ਉਹ ਤੁਹਾਡੇ ਲਈ ਸਭ ਕੁਝ ਕਰੇਗਾ. ਉਹ ਸਭ ਕੁਝ ਜੋ ਤੁਸੀਂ ਸੋਚ ਸਕਦੇ ਹੋ, ਉਹ ਸਭ ਕੁਝ ਕਰ ਸਕਦਾ ਹੈ. ਮਨ ਇਸ ਨੂੰ ਸਵੀਕਾਰ ਨਹੀਂ ਕਰਦਾ. ਮਨ ਦੇ ਬਾਹਰੀ ਹਾਲਾਤ ਇਸ ਨੂੰ ਸਵੀਕਾਰ ਨਹੀਂ ਕਰਦੇ. ਅਸੀਂ ਕਹੀ ਜਾਂਦੇ ਹਾਂ, "ਸਤਿਗੁਰਾ , ਮੈਂ ਇਹ ਕਰਨਾ ਚਾਹੁੰਦਾ ਹਾਂ. ਮੇਰੀ ਮਦਦ ਕਰੋ. ਮੈਂ ਬਹੁਤ ਥੋੜਾ ਕਰ ਪਾਵਾਂਗਾ. ਤੁਸੀਂ ਇਸ ਵਿੱਚ ਮੇਰੀ ਮਦਦ ਕਰੋ." ਸਤਿਗੁਰ ਕਹਿੰਦਾ ਹੈ, " ਠੀਕ ਹੈ, ਅੱਗੇ ਵਧੋ, ਜੋ ਵੀ ਤੁਸੀਂ ਸੋਚਦੇ ਹੋ ਤੁਸੀਂ ਕਰ ਸਕਦੇ ਹੋ, ਕਰੋ. "

ਅਧਿਆਤਮਿਕ ਅਨੁਭਵਾਂ ਦੇ ਰਾਹ ਦੇ ਸ਼ੁਰੂ ਸ਼ੁਰੂ ਵਿਚ ਸਾਡੇ ਲਈ ਇਹ ਸਮਰਪਣ ਕਰਨਾ ਬਹੁਤ ਮੁਸ਼ਕਲ ਹੁੰਦਾ ਹੈ ; ਉਸ ਸ਼ਕਤੀ ਅੱਗੇ ਸਮਰਪਣ ਕਰਨਾ ਜਿਸਨੇ ਸਾਰਾ ਨਿਯੰਤਰਣ ਹੁਣ ਆਪਣੇ ਹੱਥ ਵਿਚ ਲੈ ਲਿਆ ਹੈ, ਜਿਸ ਨੇ ਸਾਰੀ ਜ਼ਿੰਮੇਵਾਰੀ ਲੈ ਲਈ ਹੈ, ਅਤੇ ਇਸ ਲਈ, ਜਿਵੇਂ ਜਿਵੇਂ ਸਮਾਂ ਲੰਘਦਾ ਹੈ ਤਾਂ ਤੁਹਾਨੂੰ ਪਤਾ ਲਗਦਾ ਹੈ ਕਿ ਤੁਸੀਂ ਜੋ ਕੁਸ਼ ਵੀ ਕਰਨ ਦੀ ਕੋਸ਼ਿਸ਼ ਕਰ ਰਹੇ ਹੋ, ਜੋ ਵੀ ਤੁਹਾਡਾ ਸੰਘਰਸ਼ ਹੈ, ਜਿਹੜੇ ਕਰਤੱਵ ਤੁਸੀਂ ਕਰ ਰਹੇ ਹੋ, ਉਨ੍ਹਾਂ ਦੇ ਪਿੱਛੇ, ਸਤਿਗੁਰੂ ਦਾ ਹੱਥ ਹੈ, ਸਤਿਗੁਰ ਕਹਿੰਦਾ ਹੈ "ਠੀਕ ਹੈ, ਠੀਕ ਹੈ, ਥੋੜੀ ਮਦਦ ਕਰਦੇ ਹਾਂ, ਥੋੜੀ ਮਦਦ ਹੋਰ. ਤੁਹਾਨੂੰ ਆਪਣੇ ਕੁਝ ਪੁਰਾਣੇ ਕਰਮਾਂ ਹਿਸਾਬ ਦੇਣਾ ਪਊ, ਪਰ ਕੇਵਲ ਇਸ ਜੀਵਨ ਵਿਚ. ਠੀਕ ਹੈ , ਮੈਂ ਤੁਹਾਡੀ ਮਦਦ ਕਰਾਂਗਾ ਜੇ ਇਹ ਬਹੁਤ ਮੁਸ਼ਕਿਲ ਹੈ, ਤਾਂ ਮੈਨੂੰ ਦੱਸੋ. ਮੈਂ ਇਸ ਦੇ ਕੁਝ ਤੱਤਾਂ ਨੂੰ ਬਦਲਣ ਦੀ ਕੋਸ਼ਿਸ਼ ਕਰਾਂਗਾ. "

ਇਹ ਇੱਕ ਬਹੁਤ ਵਧੀਆ ਰਿਸ਼ਤਾ ਹੈ. ਮੈਨੂੰ ਜੋ ਰਿਸ਼ਤਾ ਸਭ ਤੋਂ ਵਧੀਆ ਲੱਗਦਾ ਹੈ, ਉਹ ਹੈ ਇਕ ਪਰਮ ਸੰਤ ਸਤਿਗੁਰੂ ਅਤੇ ਤੇ ਉਸਦੇ ਚੇਲੇ ਦਾ. ਉਹ ਸਭ ਤੋਂ ਵਧੀਆ ਦੋਸਤ ਹੁੰਦੇ ਹਨ. ਇਸ ਤੋਂ ਵਧੀਆ ਕੋਈ ਦੋਸਤੀ ਨਹੀਂ ਹੋ ਸਕਦੀ. ਇੱਕ ਦੋਸਤੀ ਜਿੱਥੇ ਤੁਸੀਂ ਮਹਿਸੂਸ ਕਰਦੇ ਹੋ ਕਿ ਤੁਸੀਂ ਇੱਕ ਦੂਜੇ ਦੇ ਲਈ ਖੜ੍ਹੇ ਹੋ. ਇੱਕ ਦੋਸਤੀ ਜਿਸ ਵਿੱਚ ਤੁਸੀਂ ਮਹਿਸੂਸ ਕਰਦੇ ਹੋ ਕਿ ਤੁਸੀਂ ਇੱਕੋ ਪੱਧਰ ਤੇ ਅਤੇ ਬਰਾਬਰ ਹੋ. ਇਹ ਇੱਕ ਬਹੁਤ ਹੀ ਸੁੰਦਰ ਰਿਸ਼ਤਾ ਹੈ.

ਮੇਰੇ ਇਕ ਸਹਿਕਰਮੀ ਜੋ ਵੱਡੇ ਮਹਾਰਾਜ ਦੇ ਅਨੁਯਾਈ ਸੀ, ਇੱਕ ਬਹੁਤ ਵਧੀਆ ਇਨਸਾਨ ਸਨ. ਉਹ ਇਕ ਪਸ਼ੂ ਚਕਿਤਸਕ ਸਨ. ਮੈਂ ਤੁਹਾਨੂੰ ਕਈ ਵਾਰ ਉਨ੍ਹਾਂ ਦੀਆਂ ਕਹਾਣੀਆਂ ਸੁਣਾਉਂਦਾ ਹਾਂ. ਛੋਟੇ ਸਮੂਹਾਂ ਵਿੱਚ ਕਿਸੇ ਦਿਨ ਮੈਂ ਤੁਹਾਨੂੰ ਹੋਰ ਕਹਾਣੀਆਂ ਸੁਨਾਵਾਂਗਾ. ਉਨ੍ਹਾਂ ਦਾ ਨਾਮ ਡਾ. ਈਸ਼ਰ ਸਿੰਘ ਸੀ. ਉਹ ਵੱਡੇ ਮਹਾਰਾਜ ਨਾਲ ਹੋਏ ਆਪਣੇ ਅਨੂਠੇ ਅਨੁਭਵਾਂ ਨਾਲ ਇਸ ਸਿੱਟੇ ਤੇ ਪੁੱਜੇ ਕਿ, "ਇਕ ਪਰਮ ਸੰਤ ਸਤੁਗੁਰੂ ਪਹਿਲੇ ਤੁਹਾਡੇ ਦੋਸਤ ਬਣਦੇ ਹਨ ਤੇ ਬਾਅਦ ਵਿਚ ਸਤਿਗੁਰੂ, ਇਸ ਦੇ ਉਲਟ ਨਹੀਂ. ਇਹ ਨਾ ਸੋਚੋ ਕਿ ਉਹ ਪਹਿਲਾਂ ਇਕ ਸਤਿਗੁਰੂ ਹਨ ਅਤੇ ਬਾਅਦ ਵਿਚ ਤੁਹਾਡੇ ਮਿੱਤਰ ਬਨਣ ਗਏ. ਬਿਲਕੁਲ ਨਹੀਂ. ਉਹ ਤੁਹਾਡੇ ਦੋਸਤ ਬਣਦੇ ਹਨ. ਈਸ਼ਰ ਸਿੰਘ ਕਹਿੰਦਾ ਹੈ, " ਉਹ ਪਹਿਲਾਂ ਇਕ ਦੋਸਤ ਹਨ, ਫਿਰ ਬਾਅਦ ਵਿਚ ਪਤਾ ਲੱਗਦਾ ਹੈ ਕਿ ਉਹ ਸਤਿਗੁਰ ਹਨ." ਸੋ ਇਸ ਲਈ, ਇਸ ਦੋਸਤੀ ਦੀ ਭਾਵਨਾ ਵਿਚ ਤੁਹਾਨੂੰ ਲਗਦਾ ਹੈ ਕਿ ਤੁਸੀਂ ਇਕਠੇ ਕੰਮ ਕਰ ਸਕਦੇ ਹੋ, ਤੁਸੀਂ ਇਕ ਦੂਜੇ ਦੇ ਕੰਮਾਂ ਵਿਚ ਵਿਚ ਹਿੱਸਾ ਲੈ ਸਕਦੇ ਹੋ.

ਉਹ ਛੋਟੇ ਛੋਟੇ ਕੰਮ ਕਰਦੇ ਹਨ, ਪਰਮ ਸੰਤ ਸਤਿਗੁਰੂ ਆਉਂਦੇ ਨੇ ਅਤੇ ਸੰਸਾਰਿਕ ਕੰਮ ਕਰਦੇ ਹਨ. ਇਕ ਸਤਿਗੁਰੂ ਨੇ ਆਪਣੀ ਸਾਰੀ ਜ਼ਿੰਦਗੀ ਜੁਲਾਹੇ ਦਾ ਕੰਮ ਕੀਤਾ. ਉਸ ਦੇ ਅਨੁਯਾਈ ਬਹੁਤ ਅਮੀਰ ਸਨ, ਕਰੋੜਪਤੀ ਸਨ, ਜਿਨ੍ਹਾਂ ਨੇ ਕਿਹਾ, "ਜੁਲਾਹੇ ਦਾ ਕੰਮ ਛੱਡੋ. ਤੁਹਾਨੂੰ ਇਸਦੀ ਲੋੜ ਨਹੀਂ. ਉਨ੍ਹਾਂ ਕਿਹਾ, " ਹੈ ਲੋੜ. ਮੈ ਉਨ੍ਹਾਂ ਲੋਕਾਂ ਨਾਲ ਕੰਮ ਕਰਨਾ ਹੈ ਜੋ ਇਹੀ ਕੰਮ ਕਰ ਰਹੇ ਹਨ.

ਇਕ ਹੋਰ ਮੋਚੀ ਸਨ, ਜੋ ਜੁੱਤੀਆਂ ਦੀ ਮੁਰੰਮਤ ਕਰਦੇ ਸਨ. ਉਹ ਇੱਕ ਮੋਚੀ ਰਹੇ ਅਤੇ ਰਾਜੇ ਉਨ੍ਹਾਂ ਦੇ ਕਦਮਾਂ ਵਿਚ ਬੈਠਦੇ ਅਤੇ ਉਹਨਾਂ ਦੇ ਪਿੱਛੇ ਚੱਲਦੇ ਸਨ. ਉਨ੍ਹਾਂ ਨੇ ਕਿਹਾ, "ਤੁਹਾਨੂੰ ਇਸਦੀ ਲੋੜ ਨਹੀਂ. ਤੁਸੀਂ ਸਾਡੇ ਮਹਿਲ ਵਿਚ ਆ ਜਾਉ ਅਤੇ ਉੱਥੇ ਰਹੋ." " ਨਹੀਂ, ਮੇਰੇ ਲਈ ਮੋਚੀ ਬਣ ਕੇ ਰਹਿਣਾ ਜ਼ਰੂਰੀ ਹੈ ਕਿਉਂਕਿ ਮੈ ਉਹਨਾਂ ਲੋਕਾਂ ਨਾਲ ਦੋਸਤੀ ਕਰਨੀ ਹੈ ਜੋ ਮੈਨੂੰ ਮੋਚੀ ਵਜੋਂ ਹੀ ਸਵੀਕਾਰ ਕਰ ਸਕਦੇ ਹਨ, ਸ਼ਾਹੀ ਮਹਿਲ ਵਿਚ ਨਹੀਂ." ਸਤਿਗੁਰੂ ਆਉਂਦੇ ਹਨ ਅਤੇ ਆਪਣੇ ਆਪ ਨੂੰ ਸੰਸਾਰ ਦੀਆਂ ਉਹਨਾਂ ਭੌਤਿਕ ਗਤੀਵਿਧੀਆਂ ਵਿਚ ਸ਼ਾਮਲ ਕਰ ਲੈਦੇ ਹਨ ਜੋ ਉਹਨਾਂ ਦੇ ਚੇਲਿਆਂ ਦੀਆਂ ਗਤੀਵਿਧੀਆਂ ਨਾਲ ਮੇਲ ਖਾਂਦਾ ਹੈ, ਅਤੇ ਇਸ ਲਈ ਉਹ ਦੋਸਤ ਬਣ ਜਾਂਦੇ ਹਨ. ਇਹ ਦੋਸਤੀ ਬਹੁਤ ਮਹੱਤਵਪੂਰਨ ਹੈ. ਇਹ, ਆਪਣੇ ਆਪ ਵਿੱਚ, ਜ਼ਿੰਦਗੀ ਨੂੰ ਬਦਲ ਦਿੰਦੀ ਹੈ.

ਮੈਂ ਸ੍ਰਿਸ਼ਟੀ ਬਾਰੇ ਬਹੁਤ ਗੱਲਾਂ ਦੱਸੀਆਂ. ਮੈਂ ਮਨ ਤੋਂ ਪਰੇ ਦੀਆਂ ਚੀਜਾਂ ਬਾਰੇ ਦਸਿਆ . ਤਰਕ ਦੇਣ ਵਾਲਾ ਮਨ ਕਹਿ ਸਕਦਾ ਹੈ, "ਇਹ ਸਭ ਕਹਾਣੀਆਂ ਤੁਸੀਂ ਬਣਾ ਰਹੇ ਹੋ." ਮੈਂ ਕਹਾਣੀਆਂ ਬਣਾ ਸਕਦਾ ਹਾਂ. ਕੋਈ ਵੀ ਕਹਾਣੀਆਂ ਬਣਾ ਸਕਦਾ ਹੈ. ਹੋ ਸਕਦਾ ਹੈ ਕਿ ਕੁਝ ਵੀ ਨਾ ਹੋਵੇ. ਹੋ ਸਕਦਾ ਹੈ ਕਿ ਕੋਈ ਵੀ ਉਤਲਾ ਖੰਡ ਨਾ ਹੋਵੇ. ਸ਼ਾਇਦ ਇਹ ਇਥੇ ਹੀ ਸਭ ਕੁਝ ਹੋਵੇ. ਭੌਤਿਕਵਾਦੀ

ਵਿਸ਼ਵਾਸ ਕਰਦੇ ਹਨ, ਭੌਤਿਕਵਾਦ ਕਹਿੰਦਾ ਹੈ, "ਇਹ ਸਭ ਕੁਝ ਇੱਥੇ ਹੀ ਹੈ. ਬਾਕੀ ਸਭ ਕੁਝ ਸਿਰਫ ਸਾਡੇ ਦੁਆਰਾ ਬਣਾਈ ਗਈ ਕਲਪਨਾ ਹੈ. " ਠੀਕ ਹੈ, ਹੋ ਸਕਦਾ ਹੈ ਕਿ ਇਹ ਹੋਵੇ. ਜੇਕਰ ਮੰਨ ਲਿਆ ਜਾਵੇ ਕਿ ਇਹ ਪਦਾਰਥਕ ਚੀਜ਼ਾਂ ਹੀ ਸੱਚ ਹਨ ਫਿਰ ਵੀ ਮੈਂ ਇਹ ਕਹਿੰਦਾ ਹਾਂ ਕਿ ਮੇਰੀ ਕਹਾਣੀ ਬਹੁਤ ਵਧੀਆ ਹੈ. ਇਸ ਕਹਾਣੀ ਕਰਕੇ ਮੈ ਬਹੁਤ ਮੈਂ ਬਹੁਤ ਖੁਸ਼ ਹਾਂ. ਇਸ ਨੇ ਮੇਰੀ ਹਰ ਸਮੱਸਿਆ ਨੂੰ ਹਲ ਕਰ ਦਿਤਾ.

ਮੇਰੀ ਸਾਰੀ ਜ਼ਿੰਦਗੀ ਇੱਕ ਕਹਾਣੀ ਦੁਆਰਾ ਬਦਲ ਗਈ ? ਫਿਰ ਤਾਂ ਇਹ ਬਹੁਤ ਵਧੀਆ ਕਹਾਣੀ ਹੈ ! ਕਹਾਣੀ ਵਿੱਚ, ਇੱਕ ਕਹਾਣੀ ਬਣਾਉਣ ਦੀ ਪ੍ਰਕਿਰਿਆ ਵਿੱਚ, ਮੈਨੂੰ ਇੱਕ ਦੋਸਤ ਮਿਲਿਆ ਜੋ ਇੱਕ ਵਧੀਆ ਦੋਸਤ ਹੈ, ਇੱਕ ਮਿੱਤਰ ਜਿਸ ਤੋਂ ਮੈਂ ਬੇ ਸ਼ਰਤ ਪਿਆਰ ਦਾ ਅਨੁਭਵ ਕੀਤਾ. ਕਹਾਣੀ ਤੋਂ ਬਗੈਰ ਮੈਂ ਕਦੀ ਵੀ ਅਜਿਹਾ ਅਨੁਭਵ ਨਹੀਂ ਸੀ ਕਰ ਸਕਦਾ. ਕਹਾਣੀ ਬਹੁਤ ਬੁਨਿਆਦੀ ਹੈ. ਇਸ ਨਾਲ ਕੋਈ ਫ਼ਰਕ ਨਹੀਂ ਪੈਂਦਾ ਕਿ ਕਹਾਣੀ ਤੇ ਤੁਹਾਡਾ ਵਿਸ਼ਵਾਸ ਹੈ ਜਾ ਨਹੀਂ. ਇਕ ਅਜਿਹੇ ਵਿਅਕਤੀ ਨਾਲ ਅਨੁਭਵ ਤੁਹਾਨੂੰ ਯਕੀਨ ਦਿਵਾਉਂਦਾ ਹੈ ਕਿ ਇਹ ਕੁਝ ਵੱਖਰੀ ਤਰਾਂ ਦੀ ਚੀਜ ਵਾਪਰ ਰਹੀ ਹੈ. ਇਹ ਗਿਆਨ ਦਾ ਪੱਧਰ ਜਾ ਬੌਧਿਕ ਗਿਆਨ ਨਹੀਂ ਹੈ ਜੋ ਤੁਹਾਨੂੰ ਦੱਸੇਗਾ ਕਿ ਇਕ ਸੰਤ ਸਤਿਗੁਰੂ ਕੌਣ ਹੈ. ਇਹ ਉਸ ਸਤਿਗੁਰੂ ਨਾਲ ਹੋਇਆ ਅਨੁਭਵ ਹੈ ਜੋ ਤੁਹਾਨੂੰ ਦੱਸੇਗਾ ਕਿ ਉਹ ਕੌਣ ਹੈ.

ਇਸ ਲਈ, ਇਹ ਰਸਤਾ ਪਿਆਰ ਅਤੇ ਗੁਰਭਕਤੀ ਅਤੇ ਦੋਸਤੀ ਦਾ ਹੈ. ਇਹ ਤੁਹਾਨੂੰ ਸੱਚੀ ਦੋਸਤੀ ਦਾ ਅਨੁਭਵ ਕਰਾਉਂਦਾ ਹੈ, ਤੁਹਾਨੂੰ ਸੱਚੇ ਪਿਆਰ ਦਾ ਅਨੁਭਵ ਕਰਾਉਂਦਾ ਹੈ. ਇਹ ਤੁਹਾਨੂੰ ਬੇ-ਸ਼ਰਤ ਪਿਆਰ ਦਾ ਅਨੁਭਵ ਕਰਾਉਂਦਾ ਹੈ, ਜੋ ਕਿ ਬਹੁਤ ਹੀ ਦੁਰਲੱਭ ਹੈ. ਇਸ ਬੇ ਸ਼ਰਤ ਪਿਆਰ ਨੂੰ ਲੱਭਣਾ ਬਹੁਤ ਮੁਸ਼ਕਿਲ ਹੈ ! ਮੈਂ ਇਹ ਸੁਣਦਾ ਹਾਂ ... ਲੋਕ ਕਹਿੰਦੇ ਹਨ ਕਿ ਅਸੀਂ ਹਾਂ ... ਉਹ ਇਸ ਨੂੰ ਕੀ ਕਹਿੰਦੇ ਹਨ? ਅਸੀਂ ਰੂਹਾਂ ਹਾਂ, ਉਹ ਕੀ ਕਹਿੰਦੇ ਹਨ? ( ਸੋਲਮੇਟ). ਉਹ ਕਹਿੰਦੇ ਅਸੀਂ ਰੂਹਾਂ ਦੇ ਹਾਣੀ ਹਾਂ. ਅਸੀਂ ਰੂਹਾਂ ਦੇ ਹਾਣੀ ਬਣ ਗਏ ਹਾਂ, ਅਤੇ ਸਾਨੂੰ ਸੱਚਾ ਪਿਆਰ ਲੱਭ ਗਿਆ ਹੈ.

3 ਮਹੀਨਿਆਂ ਬਾਅਦ ਉਹ ਤਲਾਕ ਲਈ ਦੀ ਅਦਾਲਤ ਵਿਚ ਹੁੰਦੇ ਹਨ. ਮੈਂ ਪੁਛਦਾ ਹਾਂ, "ਤੁਸੀਂ ਤਾਂ ਆਪਣੇ ਆਪ ਨੂੰ ਰੂਹਾਂ ਦੇ ਹਾਣੀ ਕਹਿੰਦੇ ਸੀ, ਕੀ ਬਣਿਆ ਉਸ ਦਾ?" "ਨਹੀਂ, ਅਸੀਂ ਤਾਂ ਸ਼ੁਰੂ ਤੋਂ ਹੀ ਜਾਣਦੇ ਸੀ ਕਿ ਅਸੀਂ ਇਕ ਦੂਜੇ ਲਈ ਨਹੀਂ ਬਣੇ ." "ਪਰ ਉਸ ਦਿਨ ਤਾਂ ਤਸੀਂ ਮੈਨੂੰ ਕਿਹਾ ਸੀ ਕਿ ਤੁਸੀਂ ਰੂਹਾਂ ਦੇ ਹਾਣੀ ਹੋ". ਕੀ ਹੋਇਆ? ਇਹ ਮਨ ਸ਼ੱਕ ਪੈਦਾ ਕਰਦਾ ਹੈ. ਮਨ ਡਰ ਪੈਦਾ ਕਰਦਾ ਹੈ. ਹਰ ਸਮੇਂ, ਹਰੇਕ ਰਿਸ਼ਤੇ ਵਿਚ, ਸਤਿਗੁਰ ਦੇ ਨਾਲ ਦੇ ਰਿਸ਼ਤੇ ਵਿਚ ਵੀ ਇਹ ਕੁਝ ਕਰਦਾ ਹੈ. ਪਿਆਰ ਅਤੇ ਗੁਰਭਕਤੀ ਬਾਰੇ ਸੱਚਾਈ ਖੋਜਣ ਲਈ ਅਸੀਂ ਕਿਵੇਂ ਉਸ ਮਨ ਤੇ ਯਕੀਨ ਕਰ ਸਕਦੇ ਹਾਂ? ਇਸ ਲਈ, ਇਹ ਸਤਿਗੁਰ ਦਾ ਬੇ ਸ਼ਰਤ ਪਿਆਰ ਹੈ ਜੋ ਸਾਡੇ ਵਿਚ ਉਹ ਪ੍ਰਤੀਕ੍ਰਿਆ ਜਗਾਉਂਦਾ ਹੈ ਜਿਸ ਨਾਲ ਸਾਨੂ ਪਤਾ ਲੱਗਦਾ ਹੈ ਕਿ ਕੋਈ ਬਹੁਤ ਸੱਚੀ ਚੀਜ ਹੈ ਜਿਸ ਬਾਰੇ ਸਾਨੂ ਪਹਿਲਾਂ ਕਦੀ ਵੀ ਪਤਾ ਨਹੀਂ ਸੀ, ਅਤੇ ਉਹ ਅਸਲੀਅਤ ਸਾਡੇ ਮਨ ਤੋਂ ਪਰੇ ਹੈ.

ਮੈਂ ਤੁਹਾਨੂੰ ਇਹ ਕਹਾਣੀਆਂ ਇਸ ਲਈ ਸੁਣਾਈਆਂ ਕਿਉਂਕਿ ਇਹ ਮੇਰੇ ਨਿਜੀ ਅਨੁਭਵ ਤੋਂ ਹਨ. ਮੈਂ ਤੁਹਾਨੂੰ ਕਿਸੇ ਕਿਤਾਬ ਵਿੱਚੋਂ ਕੋਈ ਕਹਾਣੀ ਨਹੀਂ ਸੁਣਾਈ, ਸਿਵਾਏ ਕੁਝ ਗੱਲਾਂ ਦੇ ਜਿਸਦਾ ਮੈਂ ਹਵਾਲਾ ਦਿੱਤਾ ਹੈ. ਪਰ ਇਹ ਤੱਥ ਕਿ ਪਰਮ ਸੰਤ ਸਤਿਗੁਰੂ ਇਸ ਤਰ੍ਹਾਂ ਕਾਰਜ ਕਰਦਾ ਹੈ, ਇਹ ਮੈਂ ਆਪਣੇ ਅਨੁਭਵ ਦੇ ਆਧਾਰ ਤੇ ਕਹਿ ਰਿਹਾ ਹਾਂ. ਉਸ ਵਿਅਕਤੀ ਨਾਲ, ਉਸ ਇਨਸਾਨ ਨਾਲ, ਉਸ ਚਿੱਟੀ ਦਾੜੀ ਵਾਲੇ ਇਨਸਾਨ ਨਾਲ ਹੋਇਆ ਅਨੁਭਵ. ਉਸ ਨੂੰ ਵੱਡੇ ਮਹਾਰਾਜ ਕਿਹਾ ਜਾਂਦਾ ਹੈ. ਉਸ ਆਦਮੀ ਕਰਕੇ ਹੀ ਮੇਰੇ ਲਈ ਇਹ ਸਭ ਕੁਝ ਸੰਭਵ ਹੋ ਸਕਿਆ ਹੈ. ਮੈਨੂੰ ਕੋਈ ਸੰਦੇਹ ਨਹੀਂ ਕਿ ਜੇਕਰ ਮੇਰੇ ਵਰਗੇ ਆਮ ਆਦਮੀ ਲਈ ਜੋ ਸੰਭਵ ਹੋ ਸਕਿਆ, ਮੇਰੇ ਹਾਲਾਤ ਜਿਥੋਂ ਮੈਂ ਆਇਆ, ਜਿਥੇ ਮੈਂ ਵੱਡਾ ਹੋਇਆ ਸੀ, ਜੋ ਕੁਝ ਮੇਰੇ ਨਾਲ ਵਾਪਰਿਆ ਉਹ ਸਭ ਕੁਝ ਆਮ ਹਾਲਾਤਾਂ ਵਾਂਗ ਸਨ. ਮੈਂ ਆਪਣੀ ਬੀਤੀ ਜ਼ਿੰਦਗੀ ਤੇ ਮੁੜ ਨਜ਼ਰ ਮਾਰਦਾ ਹਾਂ ਅਤੇ ਜੇ ਉਸ ਚਿੱਟੀ ਦਾੜ੍ਹੀ ਵਾਲੇ ਇਕ ਆਮ ਜਿਹੇ ਦਿੱਸਣ ਵਾਲੇ ਇਨਸਾਨ ਨੇ ਇਹ ਸਭ ਮੇਰੇ ਲਈ ਕੀਤਾ, ਤਾਂ ਮੈਂ ਪੂਰੀ ਤਰ੍ਹਾਂ ਯਕੀਨ ਨਾਲ ਕਹਿ ਸਕਦਾ ਹਾਂ, ਕਿ ਇਹ ਇਹ ਕੁਝ ਤੁਹਾਡੇ ਸਾਰਿਆਂ ਨਾਲ ਹੋ ਸਕਦਾ ਹੈ ਜੇ ਤੁਸੀਂ ਆਪਣੀ ਦਿਲੀ ਜਿਗਿਆਸਾ ਨਾਲ ਇਕ ਪਰਮ ਸੰਤ ਸਤਿਗੁਰੂ ਦੇ ਸੰਪਰਕ ਵਿਚ ਆਉਂਦੇ ਹੋ. ਤੁਹਾਨੂੰ ਉਸਨੂੰ ਉੱਚੀ ਬੋਲਕੇ ਨਹੀਂ ਬੁਲਾਣਾ ਪਵੇਗਾ. ਇੱਕ ਪਰਮ ਸੰਤ ਸਤਿਗੁਰੂ ਤੱਕ ਪਹੁੰਚਣ ਲਈ ਉੱਚੀ ਉੱਚੀ ਕੂਕਣਾ ਨਹੀਂ ਪਵੇਗਾ. ਇਹ ਸਭ ਅੰਦਰੂਨੀ ਹੈ. ਬਸ ਤੁਹਾਡੀ ਜਿਗਿਆਸਾ ਤੀਬਰ ਹੋਵੋ. ਕਹੋ, "ਸਤਿਗੁਰੂ , ਮੈਂ ਇਸ ਰਚਨਾ ਤੋਂ ਅੱਕ ਗਿਆ ਹਾਂ. ਮੈਨੂੰ ਇਸ ਗੁੰਝਲਦਾਰ ਜੀਵਨ ਤੋਂ ਅੱਕ ਗਿਆ ਹਾਂ, ਅਤੇ ਮੈਂ ਅੱਗੇ

ਵਧਣਾ ਚਾਹੁੰਦਾ ਹਾਂ. ਮੈਂ ਜਿਆਦਾ ਅਸਲੀ ਚੀਜਾਂ ਵੱਲ ਵਧਣਾ ਚਾਹੁੰਦਾ ਹਾਂ. ਸਤਿਗੁਰੂ, ਮੈਨੂੰ ਨਹੀਂ ਪਤਾ ਕਿ ਅੰਤਿਮ ਅਸਲੀਅਤ ਕਿੱਥੇ ਹੈ. ਮੈਂ ਘੱਟੋ ਘੱਟ ਇਕ ਕਦਮ ਅੱਗੇ ਵਧਣਾ ਚਾਹੁੰਦਾ ਹਾਂ. ਅਖੀਰ ਮੈਨੂੰ ਉਥੇ ਲੈ ਜਾਓ ਜਿਥੇ ਤੁਸੀਂ ਆਪ ਹੋ " ਅਤੇ ਸਤਿਗੁਰੂ ਤੁਹਾਨੂੰ ਠੀਕ ਉਥੇ ਲੈ ਜਾਵੇਗਾ ਜਿੱਥੇ ਉਹ ਹੈ.

ਇਕ ਸਤਿਗੁਰੂ ਕਦੇ ਵੀ ਤੁਹਾਨੂੰ ਆਪਣੇ ਤੋਂ ਹੇਠਾਂ ਦੀ ਪੱਧਰ ਤੇ ਨਹੀਂ ਲਿਜਾਂਦਾ. ਜੇ ਉਹ ਪੂਰਨ ਜਾ ਸਮੁੱਚੀ ਚੇਤਨਾ ਤੋਂ ਆਇਆ ਹੈ, ਤਾਂ ਉਹ ਤੁਹਾਨੂੰ ਵੀ ਪੂਰਨ ਚੇਤਨਾ ਨਾਲ ਜੋੜ ਦੇਵੇਗਾ. ਜੇਕਰ ਤੁਸੀਂ ਇਸ ਸਥੂਲ ਜੀਵਨ ਵਿਚ ਕੇਵਲ ਉਸਦੇ ਆਮ ਨਿਰਦੇਸ਼ਾਂ ਦੀ ਹੀ ਪਾਲਣਾ ਕਰਦੇ ਹੋ, ਉਹ ਤੁਹਾਨੂੰ ਇਸੇ ਜੀਵਨ ਵਿਚ ਲੈ ਜਾਵੇਗਾ. ਜੇ ਤੁਹਾਨੂੰ ਆਪਣੇ ਮਨ ਅਤ ਬਹਾਨਿਆਂ ਕਰਕੇ ਮੁਸ਼ਕਿਲ ਆ ਰਹੀ ਹੈ ਕਿ, "ਮੈਨੂੰ ਹੋਰ ਬਹੁਤ ਸਮੱਸਿਆਵਾਂ ਹਨ ਅਤੇ ਇਹ ਕਰਨਾ ਬਹੁਤ ਮੁਸ਼ਕਲ ਹੈ," ਤਾਂ ਉਹ ਤੁਹਾਨੂੰ ਇੱਕ ਹੋਰ ਮੌਕਾ ਦੇ ਸਕਦਾ ਹੈ, ਪਰ ਉਹ ਤੁਹਾਨੂੰ ਉਸੇ ਪੱਧਰ ਤੇ ਲੈ ਜਾਵੇਗਾ ਜਿੱਥੇ ਉਹ ਖੁਦ ਹੈ.

ਜਦੋਂ ਮੈਂ ਇਸ ਤਰਾਂ ਤੁਹਾਡੇ ਨਾਲ ਤਿਉਹਾਰ ਮਨਾਉਣ ਆਉਂਦਾ ਹਾਂ ਤਾਂ ਮੈਂ ਸਮਝਦਾ ਹਾਂ ਕਿ ਇਹ ਸਤਿਗੁਰ ਦੀ ਸੰਗਤ ਦਾ ਤਿਉਹਾਰ ਹੈ. ਮੈਂ ਸਮਝਦਾ ਹਾਂ ਕਿਓਂ ਕਿ ਇਸ ਤਿਓਹਾਰ, ਜਿਸਨੂੰ ਕ੍ਰਿਸਮਸ ਜਾਂ ਇਸ ਤਰ੍ਹਾਂ ਦਾ ਕੁਝ ਹੋਰ ਨਾਮ ਦੇ ਦਵੋ, ਉਹ ਇਸ ਲਈ ਹੈ ਕਿਉਂਕਿ ਅਸੀਂ ਉਨ੍ਹਾਂ ਲੋਕਾਂ ਨੂੰ ਯਾਦ ਕਰਦੇ ਹਾਂ ਜੋ ਸੱਚ ਨੂੰ ਜਾਣਦੇ ਹਨ, ਉਹ ਲੋਕ ਜੋ ਸਾਡੇ ਤਜਰਬੇ ਤੋਂ ਪਰੇ ਹੁੰਦੇ ਹਨ, ਜੋ ਲੋਕ ਇਸ ਸੰਸਾਰ ਵਿੱਚ ਪਿਆਰ ਫੈਲਾਉਂਦੇ ਹਨ. ਅਸੀਂ ਉਨ੍ਹਾਂ ਨੂੰ ਯਾਦ ਕਰਦੇ ਹਾਂ. ਮੈਨੂੰ ਪਤਾ ਹੈ ਕਿ ਕ੍ਰਿਸਮਸ ਸੀਜ਼ਨ ਦਾ, ਖਾਸ ਤੌਰ ਤੇ ਇਸ ਦੇਸ਼ ਵਿਚ, ਤੋਹਫ਼ੇ ਖਰੀਦਣ ਅਤੇ ਉਨ੍ਹਾਂ ਦੇ ਲੈਣ ਦੇਣ ਨਾਲ ਸੰਬੰਧਿਤ ਹੈ. ਕੁਝ ਲੋਕ ਤੋਹਫ਼ੇ ਖਰੀਦਣਾ ਪਸੰਦ ਕਰਦੇ ਹਨ, ਕੁਝ ਤੋਹਫੇ ਵੰਡਣਾ ਪਸੰਦ ਕਰਦੇ ਹਨ, ਕੁਝ ਲੋਕ ਤੋਹਫ਼ੇ ਪ੍ਰਾਪਤ ਕਰਨਾ ਪਸੰਦ ਕਰਦੇ ਹਨ, ਪਰ ਕੁਝ ਅਜਿਹੇ ਵੀ ਹੁੰਦੇ ਹਨ ਜੋ ਆਰਥਿਕ ਤੌਰ ਤੇ ਮੁਸ਼ਕਿਲ ਵਿਚ ਹੁੰਦੇ ਹਨ, ਉਹ ਜਿਹੜੇ ਕਹਿੰਦੇ ਹਨ, "ਹੇ ਭਗਵਾਨ, ਕ੍ਰਿਸਮਸ ਦਾ ਸਮਾਂ ਆ ਗਿਆ ਹੈ. ਮੇਰੇ ਕੋਲ ਤਾਂ ਤੋਹਫੇ ਖਰੀਦਣ ਲਈ ਪੈਸੇ ਹੀ ਨਹੀਂ ਹਨ. ਮੇਰੀ ਸੂਚੀ ਵਿਚ 50 ਲੋਕ ਹਨ." ਤਾਂ ਇਹ ਸਮਾਂ ਤੁਹਾਡੇ ਲਈ ਤਿਉਹਾਰ ਦਾ ਨਹੀਂ ਹੋਵੇਗਾ, ਬਲਕਿ ਤੁਸੀਂ ਇੱਕ ਦਬਾਅ ਵਿਚ ਹੁੰਦੇ ਹੋਏ ਮਜਬੂਰੀ ਵਿਚ ਤਿਉਹਾਰ ਮਨਾ ਰਹੇ ਹੋਵੋਗੇ.

ਅਤੇ ਫਿਰ ਕਈਆਂ ਨੂੰ ਲੱਗਦਾ ਹੈ, "ਓ, ਮੇਰੇ ਆਲੇ-ਦੁਆਲੇ ਕ੍ਰਿਸਮਸ ਮਨਾਉਣ ਵਾਲਾ ਕੋਈ ਹੈ ਹੀ ਨਹੀਂ. ਮੈਂ ਇਸ ਤਰ੍ਹਾਂ ਨਹੀਂ ਰਹਿ ਸਕਦਾ. ਮੈਂ ਆਤਮ ਹੱਤਿਆ ਕਰ ਲਵਾਂਗਾ". ਕਈ ਆਤਮ ਹੱਤਿਆ ਕਰ ਲੈਂਦੇ ਹਨ. ਮੈਂ ਇਹ ਸੁਣ ਕੇ ਹੈਰਾਨ ਹਾਂ ਕਿ ਇਸ ਦੇਸ਼ ਵਿਚ ਆਤਮ ਹੱਤਿਆਵਾਂ ਦੀ ਦਰ ਤਿਉਹਾਰਾਂ ਦੌਰਾਨ ਸਭ ਤੋਂ ਵੱਧ ਹੈ ਕਿਉਂਕਿ ਉਸ ਵੇਲੇ ਲੋਕ ਵਧੇਰੇ ਇਕੱਲੇ ਹੁੰਦੇ ਹਨ. ਸਾਲ ਦਾ ਬਾਕੀ ਸਮੇਂ ਉਹ ਕਲੱਬਾਂ, ਇੰਟਰਨੈੱਟ, ਅਤੇ ਬਿਨਾਂ ਕਿਸੇ ਦੇ ਬਿਤਾ ਸਕਦੇ ਹਨ ਪਰ ਕ੍ਰਿਸਮਸ ਦੇ ਤਿਉਹਾਰ ਦੌਰਾਨ ਉਹਨਾਂ ਨੂੰ ਕਿਸੇ ਦੀ ਮੌਜੂਦਗੀ ਦੀ ਲੋੜ ਹੁੰਦੀ ਹੈ. ਇਹ ਨਾ ਹੋਵੇ ਤਾਂ ਉਹ ਸੋਚਦੇ ਹਨ ਕਿ ਇਕੱਲੇ ਹੋਣਾ ਬਹੁਤ ਮਾੜਾ ਹੈ. ਇਹ ਬਹੁਤ ਬੁਰਾ ਹੈ ਕਿ ਇਸ ਤੋਂ ਚੰਗਾ ਤਾਂ ਜ਼ਿੰਦਗੀ ਖ਼ਤਮ ਕਰ ਲੈਣਾ ਹੈ.

ਇਸ ਤਿਉਹਾਰ ਦੇ ਦੂਜੇ ਪਾਸੇ ਵਲ ਵੀ ਦੇਖੋ. ਇਹ ਉਨ੍ਹਾਂ ਸ਼ਾਨਦਾਰ ਨਹੀਂ ਜਿਨ੍ਹਾਂ ਅਸੀਂ ਸਮਝਦੇ ਹਾਂ. ਮੇਰੇ ਵੱਲ ਦੇਖੋ. ਮੈਂ ਸਫ਼ਰ ਕਰਦਾ ਰਹਿੰਦਾ ਹਾਂ. ਮੈਂ ਲੋਕਾਂ ਨੂੰ ਮਿਲਦਾ ਰਹਿੰਦਾ ਹਾਂ. ਕਈ ਸਾਲਾਂ ਤੋਂ ਮੈਨੂੰ ਇਕੱਲੇ ਰਹਿਣ ਦਾ ਮੌਕਾ ਹੀ ਨਹੀਂ ਮਿਲਿਆ. ਮੈਂ ਕਈ ਵਾਰ ਚਾਹੁੰਦਾ ਹਾਂ ਕਿ ਮੈਨੂੰ ਛੁੱਟੀ ਮਿਲ ਜਾਵੇ ਜਿੱਥੇ ਮੈਂ ਇਕੱਲੇ ਹੀ ਹੋਵਾਂ. ਲੋਕ ਕਹਿੰਦੇ ਹਨ, ਕੀ ਤੁਸੀਂ ਮੂਰਖ ਹੋ? ਇਕੱਲੇ ਹੋਣਾ ਮੂਰਖਤਾ ਹੈ. ਤੁਹਾਡੇ ਨਾਲ ਕਈ ਲੋਕ ਹਨ.

ਹਰ ਕੁਝ ਸਾਲਾਂ ਬਾਅਦ, ਜੋ ਲੋਕ ਮੈਨੂੰ ਲੰਬੇ ਸਮੇਂ ਤੋਂ ਜਾਣਦੇ ਹਨ, ਉਹ ਜਾਣਦੇ ਹਨ ਕਿ ਹਰ ਕੁਝ ਸਾਲਾਂ ਬਾਅਦ ਮੈਂ ਦੋ ਜਾਂ ਤਿੰਨ ਦਿਨ ਦੀ ਛੁੱਟੀ ਲੈ ਕੇ, ਕਿਤੇ ਜਾ ਕੇ ਲੁੱਕ ਜਾਂਦਾ ਹਾਂ, ਜਿਥੇ ਕਿਸੇ ਨਾਲ ਸੰਪਰਕ ਨਾ ਹੋਵੇ, ਅਤੇ ਮੈਂ ਇਸਦਾ ਅਨੰਦ ਮਾਣਦਾ ਹਾਂ!

ਕੋਈ ਵੀ ਇਥੇ ਇਸ ਪ੍ਰਕਾਰ ਦਾ ਆਨੰਦ ਨਹੀਂ ਮਾਣ ਰਿਹਾ ਹੈ. ਲੋਕ ਕਹਿੰਦੇ ਹਨ, "ਅਸੀਂ ਇਕੱਲੇ ਮਹਿਸੂਸ ਕਰਦੇ ਹਾਂ, ਅਸੀਂ ਕਿਸੇ ਨੂੰ ਮਿਸ ਕਰ ਰਹੇ ਹਾਂ. ਇਨ੍ਹਾਂ ਤਿਉਹਾਰ ਵਿਚ ਤਾਂ ਸਾਨੂੰ ਉਸਦੀ ਹੋਰ ਵੀ ਯਾਦ ਆਉਂਦੀ ਹੈ.

ਇਸ ਲਈ ਜੇਕਰ ਤੁਸੀਂ ਅਧਿਆਤਮਿਕ ਰਸਤੇ ਤੇ ਹੋ, ਜੇਕਰ ਤੁਸੀਂ ਸੱਚਮੁੱਚ ਅਧਿਆਤਮਿਕ ਰਸਤੇ ਤੇ ਹੋ, ਤਾਂ ਮੈਂ ਤੁਹਾਨੂੰ ਇਕ ਰਹੱਸ ਦੱਸਦਾ ਹਾਂ. ਤੁਸੀਂ ਕਦੇ ਵੀ ਇਕੱਲੇ ਨਹੀਂ ਹੋ ਸਕਦੇ. ਜੇ ਤੁਹਾਨੂੰ ਇਕ ਪਰਮ ਸੰਤ ਸਤਿਗੁਰੂ ਦੁਆਰਾ ਨਾਮ ਦਾਤ ਦਿੱਤੀ ਗਈ ਹੈ ਅਤੇ ਉਸ ਦੇ ਸਰਲ ਨਿਰਦੇਸ਼ਾਂ ਦੀ ਪਾਲਣਾ ਕਰਕੇ ਤੁਸੀਂ ਉਸਦਾ ਨੂਰੀ ਸਰੂਪ ਆਪਣੇ ਅੰਦਰ ਪ੍ਰਗਟ ਕਰ ਲੈਂਦੇ ਹੋ, ਜੇ ਤੁਸੀਂ ਅਜਿਹਾ ਕਰ ਸਕਦੇ ਹੋ, ਤਾਂ ਤੁਸੀਂ ਕਦੇ ਵੀ ਇਕੱਲੇ ਨਹੀਂ ਹੋ ਸਕਦੇ. ਸਤਿਗੁਰੂ ਹਮੇਸ਼ਾ ਤੁਹਾਡੇ ਆਲੇ-ਦੁਆਲੇ ਹੋਵੇਗਾ. ਇਹ ਇਤਨਾ ਸੁੰਦਰ ਹੈ, ਅਤੇ ਇਹ ਉਹੋ ਜਿਹੀ ਸੰਗਤ ਹੋਵੇਗੀ ਜਿਵੇਂ ਇਸ ਸਥੂਲ ਸੰਸਾਰ ਵਿਚ ਹੁੰਦੀ ਹੈ, ਉਸ ਤੋਂ ਵੀ ਵੱਧ. ਤੁਸੀਂ ਇਕੱਠੇ ਯਾਤਰਾ ਕਰਦੇ ਹੋ, ਤੁਸੀਂ ਇਕ-ਦੂਜੇ ਨਾਲ ਗੱਲ ਕਰਦੇ ਹੋ, ਤੁਹਾਨੂੰ ਕਈ ਤਰ੍ਹਾਂ ਦੇ ਅਨੁਭਵ ਇਕੱਠੇ ਹੁੰਦੇ ਹਨ. ਤੁਸੀਂ ਜਦੋਂ ਚਾਹੋ ਇਕਠੇ ਉੱਡ ਸਕਦੇ ਹੋ, ਕਿਸੇ ਜਹਾਜ਼ ਦੀ ਨਹੀਂ ਲੋੜ ਨਹੀਂ ਹੁੰਦੀ. ਜੇਕਰ ਇਕ ਪਰਮ ਸੰਤ ਸਤਿਗੁਰੂ ਤੁਹਾਡੇ ਜੀਵਨ ਵਿਚ ਹੋਵੇ ਤਾਂ ਤੁਸੀਂ ਬਹੁਤ ਕੁਝ ਕਰ ਸਕਦੇ ਹੋ.

ਮੇਰੇ ਮੁਤਾਬਿਕ ਇਹ ਹੀ ਤਿਓਹਾਰ ਮਨਾਉਣ ਦਾ ਅਸਲ ਤਰੀਕਾ ਹੈ. ਮੈਂ ਚਾਹੁੰਦਾ ਹਾਂ ਕਿ ਤੁਸੀਂ ਸਾਰੇ ਇਸ ਤਰ੍ਹਾਂ ਦੇ ਤਿਉਹਾਰ ਦਾ ਆਨੰਦ ਮਾਣੋ, ਅਤੇ ਤੁਸੀਂ ਸਾਰੇ ਉਤਲੇ ਆਸਮਾਨਾਂ ਵਿਚ ਉਡੋ, ਉਨ੍ਹਾਂ ਜਗਾ ਤੇ ਜੋ ਸਥੂਲ ਆਸਮਾਨ ਤੋਂ ਵੀ ਪਰੇ ਹੈ. ਉਹ ਸਾਰੇ ਤੁਹਾਡੇ ਲਈ ਉਪਲਬਧ ਹਨ ਅਤੇ ਸਿਰਫ ਚੇਤਨਾ ਦੇ ਵੱਖਰੇ ਵੱਖਰੇ ਪੱਧਰ ਹਨ. ਇਹ ਸੰਸਾਰ ਦਾ ਇੱਕ ਹੀ ਪੱਧਰ ਤੇ ਨਹੀਂ ਬਣਾਇਆ ਗਿਆ. ਪਿਆਜ਼ ਦੇ ਸ਼ਿਲਕੇ ਲਾਣ ਦੀ ਤਰਾਂ ਇਸਦਾ ਇਕ ਤੋਂ ਬਾਅਦ ਇਕ ਪਧਰ ਖੁਲ੍ਹਦਾ ਹੈ. ਤੁਸੀਂ ਖੋਲਦੇ ਜਾਂਦੇ ਹੋ ਤਾਂ ਇਸਦੇ ਅੰਦਰ ਕੁਝ ਹੋਰ ਆਉਂਦਾ ਰਹਿੰਦਾ ਹੈ. ਤੁਸੀਂ ਇਕ ਪਰਦਾ ਹਟਾਂਦੇ ਹੋ ਤਾਂ ਦੇਖਦੇ ਹੋ ਕਿ ਇਕ ਹੋਰ ਹੈ.

ਇਹ ਸੰਸਾਰ ਇਸ ਤਰ੍ਹਾਂ ਦਾ ਹੀ ਬਣਿਆ ਹੈ. ਸਥੂਲ ਸੰਸਾਰ ਇਕ ਚੀਜ਼ ਹੈ. ਸਥੂਲ ਸੰਸਾਰ ਤੋਂ ਆਪਣੀ ਤਵੱਜੋ ਖਿੱਚ ਕੇ ਅੰਦਰ ਵਲ ਆਪਣੀ ਚੇਤਨਾ ਦੀ ਜਗਾ ਤੇ ਪਾਓ, ਜਿਥੋਂ ਹਰ ਚੀਜ਼ ਦਾ ਅਨੁਭਵ ਕੀਤਾ ਜਾ ਰਿਹਾ ਹੈ, ਉਥੇ ਜਾਓ, ਇਸ ਦੁਨੀਆ ਬਾਰੇ ਬਿਲਕੁਲ ਭੁੱਲ ਜਾਓ ਤਾਂ ਇਕ ਹੋਰ ਸੰਸਾਰ ਖੁਲ ਜਾਂਦਾ ਹੈ, ਅਲੱਗ, ਜੋ ਇਸ ਤੋਂ ਵੀ ਕੀਤੇ ਜ਼ਿਆਦਾ ਸ਼ਾਨਦਾਰ ਹੈ. ਅਤੇ ਤੁਸੀਂ ਉਸ ਤੋਂ ਵੀ ਤਵੱਜੋ ਖਿੱਚ ਲਵੋ ਤਾਂ ਇਕ ਹੋਰ ਸੰਸਾਰ ਖੁਲ ਜਾਂਦਾ ਹੈ.

ਆਖ਼ਰਕਾਰ ਤੁਸੀਂ ਲਗਾਤਾਰ ਇਸ ਤਰਾਂ ਕਰਦੇ ਜਾ ਸਕਦੇ ਹੋ. ਇਹ ਸਭ ਕੁਝ ਕਰਦੇ ਹੋਏ ਸਤਿਗੁਰ ਹਮੇਸ਼ਾ ਸਾਡੇ ਨਾਲ ਹੁੰਦਾ ਹੈ. ਸਤਿਗੁਰੂ ਨੂੰ ਪਤਾ ਹੁੰਦਾ ਹੈ ਕਿ ਚੇਤਨਾ ਦੇ ਪਧਰ ਕਿਵੇਂ ਖੁਲ੍ਹਦੇ ਹਨ. ਤੁਸੀਂ ਉਸ ਦੇ ਨਾਲ ਜਾਂਦੇ ਹੋ ਅਤੇ ਆਖਰਕਾਰ ਤੁਹਾਨੂੰ ਪੂਰਨ ਅਸਲੀਅਤ ਦਾ ਗਿਆਤ ਹੋ ਜਾਂਦਾ ਹੈ. ਤੁਸੀਂ ਦੇਖਦੇ ਹੋ ਕਿ ਕੁਝ ਵੀ ਦੋਹਰਾ ਨਹੀਂ, ਇਕ ਨਹੀਂ , ਕੋਈ ਸੰਖਿਆ ਹੈ ਹੀ ਨਹੀਂ. ਇਹ ਚੇਤਨਾ ਦੀ ਸੰਪੂਰਨਤਾ ਸੀ ਜਿਸ ਵਿਚ ਸ੍ਰਿਸ਼ਟੀ ਦੀ ਸਿਰਜਣਾ ਹੋਈ. ਜਿੱਥੇ ਜਾਗਰੂਕਤਾ ਦਾ ਸ਼ੋ ਹੋਇਆ ਅਤੇ ਇਹ ਇਹ ਹੀ ਪਰਮ ਸੰਤ ਸਤਿਗੁਰ ਦਾ ਅੰਤਿਮ ਉਦੇਸ਼ ਹੈ, ਕਿ ਸਾਨੂੰ, ਹਰ ਉਸ ਨੂੰ ਜਿਸ ਨੇ ਦੀਖਿਆ ਲਈ ਹੈ, ਨੂੰ ਅਸਲੀਅਤ ਦੇ ਉਸ ਪੱਧਰ ਤੇ ਲੈਕੇ ਜਾਣਾ

ਇਕ ਵਾਰ ਜਦੋਂ ਤੁਸੀਂ ਉਸ ਅਸਲੀਅਤ ਤੋਂ ਜਾਣੂ ਹੁੰਦੇ ਹੋ, ਤਾਂ ਇਸ ਦਾ ਮਤਲਬ ਇਹ ਨਹੀਂ ਕਿ ਤੁਸੀਂ ਦੂਜੇ ਪੱਧਰਾਂ ਤੋਂ ਬੇਖਬਰ ਹੋ ਜਾਂਦੇ ਹੋ. ਉਸ ਅਸਲੀਅਤ ਤੇ ਪਹੁੰਚ ਕੇ ਤੁਹਾਨੂੰ ਸਾਰੇ ਪੱਧਰਾਂ ਦੀ ਸੋਝੀ ਹੋ ਜਾਂਦੀ ਹੈ. ਜੇ ਤੁਸੀਂ ਇਕ ਪਰਮ ਸੰਤ ਸਤਿਗੁਰੂ ਦੁਆਰਾ ਦਰਸਾਏ ਅਭਿਆਸ ਦੇ ਪ੍ਰੋਗਰਾਮ ਦੀ ਪਾਲਣਾ ਕਰਦੇ ਹੋ ਤਾਂ ਉਹ ਤੁਹਾਨੂੰ ਕਦਮ ਦਰ ਕਦਮ ਅੱਗੇ ਵਧਾਉਂਦੇ ਹਨ. ਤੁਸੀਂ ਇੱਥੋਂ ਆਪਣੀ ਤਵੱਜੋ ਹਟਾਉਂਦੇ ਹੋ , ਇਥੇ ਦੇ ਅਨੁਭਵਾਂ ਨੂੰ ਸੰਕੋਚਦੇ ਹੋ, ਆਪਣੇ ਸਰੀਰ ਵਿਚ ਸਥੂਲ ਸੰਸਾਰ ਤੋਂ ਅਣਜਾਣ ਹੁੰਦੇ ਹੋ ਤਾਂ ਇਕ ਨਵਾਂ ਸੰਸਾਰ ਪ੍ਰਗਟ ਹੁੰਦਾ ਹੈ. ਇਹ ਹੈ ਪਹਿਲਾ ਕਦਮ.

ਉਸ ਅਨੁਭਵ ਸਮੇ ਤੁਹਾਨੂੰ ਇਸ ਸਥੂਲ ਸੰਸਾਰ ਦਾ ਖਿਆਲ ਨਹੀਂ ਹੁੰਦਾ. ਇਹ ਇੱਕ ਸੁਪਨੇ ਦੀ ਅਵਸਥਾ ਵਾਂਗ ਹੈ. ਜਦੋਂ ਤੁਸੀਂ ਰਾਤ ਨੂੰ ਸੌਂਦੇ ਹੋ, ਤਾਂ ਇਸ ਸਥੂਲ ਸੰਸਾਰ ਦੇ ਅਨੁਭਵਾਂ ਤੋਂ ਦੂਰ ਹੋ ਜਾਂਦੇ ਹੋ. ਤੁਸੀਂ ਬਿਸਤਰੇ ਵਿਚ ਜਾ ਕੇ, ਅਖਾਂ ਬੰਦ ਕਰਕੇ ਇਕ ਅਲੱਗ ਸੁਪਨੇ ਦੇ ਸੰਸਾਰ ਵਿਚ ਪਹੁੰਚ ਜਾਂਦੇ ਹੋ. ਉਸ ਸਮੇਂ ਸੁਪਨੇ ਵਿਚ ਜੋ ਤੁਸੀਂ ਕਰ ਰਹੇ ਹੁੰਦੇ ਹੋ, ਉਸ ਬਾਰੇ ਤੁਹਾਨੂੰ ਬਿਸਤਰੇ ਵਿਚ ਸੁਤੇ ਪਏ ਨੂੰ ਪਤਾ ਨਹੀਂ ਹੁੰਦਾ. ਤੁਸੀਂ ਜਾਗਣ ਦੀ ਅਵਸਥਾ ਤੋਂ ਬਿਲਕੁਲ ਬੇਖ਼ਬਰ ਹੋ ਜਾਂਦੇ ਹੋ ਕਿਉਂਕਿ ਤੁਸੀਂ ਸੁਪਨੇ ਦੀ ਅਵਸਥਾ ਵਿਚ ਹੁੰਦੇ ਹੋ.

ਇਸੇ ਤਰ੍ਹਾਂ, ਜਦੋਂ ਤੁਸੀਂ ਆਪਣੀ ਤਵੱਜੋ ਨੂੰ ਜਾਗਣ ਦੀ ਸਥਿਤੀ ਤੋਂ ਹਟਾ ਕੇ, ਸੁੱਤੇ ਹੋਣ ਦੀ ਸਥਿਤੀ ਵਿਚ ਜਾਣ ਦੇ ਬਜਾਏ ਜਾਣ ਬੁੱਝ ਕੇ ਇਕ ਹੋਰ ਨਵੇਂ ਪ੍ਰਗਟ ਹੋਏ ਸੰਸਾਰ ਤੇ ਲਾਉਂਦੇ ਹੋ ਤਾਂ ਤੁਸੀਂ ਇਕ ਅਜਿਹੇ ਸੰਸਾਰ ਵਿਚ ਪਹੁੰਚ ਜਾਂਦੇ ਹੋ ਜੋ ਬਹੁਤ ਵੱਖਰਾ ਹੈ, ਉਥੇ ਦੇ ਨਿਯਮ ਵੱਖ ਹਨ, ਸਮੇਂ ਅਤੇ ਸਥਾਨ ਦੇ ਨਿਯਮ ਵੱਖਰੇ ਹਨ, ਗੁਰੁਤਵਾਕਰਸ਼ਨ ਜਾ gravity ਦੇ ਨਿਯਮ ਲਾਗੂ ਨਹੀਂ ਹੁੰਦੇ ਹਨ, ਸਥੂਲ ਭੌਤਿਕ ਬ੍ਰਹਿਮੰਡ ਦੇ ਬਹੁਤ ਸਾਰੇ ਕਾਨੂੰਨ ਲਾਗੂ ਨਹੀਂ ਹੁੰਦੇ. ਉਥੇ ਇਕ ਵੱਖ ਕਿਸਮ ਦਾ ਜੀਵਨ ਹੈ, ਇੱਕ ਬਹੁਤ ਹੀ ਸੰਘਣੀ ਆਬਾਦੀ ਵਾਲਾ ਸਥਾਨ. ਉਥੇ ਰਚਨਾ ਇਥੇ ਨਾਲੋਂ ਵੀ ਜਿਆਦਾ ਸਮੇ ਤੋਂ ਬਣੀ ਹੋਏ ਹੈ , ਅਤੇ ਬਿਗ ਬੈਂਗ ਦੀ ਪ੍ਰਕ੍ਰਿਆ ਦਾ ਉਸਤੇ ਕੋਈ ਅਸਰ ਨਹੀਂ ਹੋਇਆ

ਇਸ ਲਈ, ਤੁਸੀਂ ਕਿਸੇ ਹੋਰ ਸੰਸਾਰ ਵਿੱਚ ਪਹੁੰਚ ਜਾਂਦੇ ਹੋ. ਪਰ ਜਦੋਂ ਤੁਸੀਂ ਉਸ ਸੰਸਾਰ ਵਿੱਚ ਹੁੰਦੇ ਹੋ, ਤਾਂ ਉਥੇ ਇਹ ਸੰਸਾਰ ਨਹੀਂ ਹੁੰਦਾ. ਤੁਸੀਂ ਇਸਤੋਂ ਆਪਣੇ ਆਪ ਨੂੰ ਖਿਚ ਲਿਆ ਹੈ. ਤੁਸੀਂ ਕਿਸੇ ਹੋਰ ਸੰਸਾਰ ਵਿਚ ਵੀ ਜਾ ਸਕਦੇ ਹੋ, ਉਸ ਤੋਂ ਵੀ ਉਚੇਰੇ ਸੰਸਾਰ ਵਿਚ, ਜਿਥੋਂ ਸਾਰੇ ਸਕਲੰਪ ਪੈਦਾ ਹੋਏ, ਜਿਥੋਂ ਮਨ ਦੀ ਹਰ ਧਾਰਨਾ ਦੀ ਸਿਰਜਨਾ ਦੀ ਸ਼ੁਰੂਆਤ ਹੋਈ ਸੀ. ਇਹ ਇੱਕ ਬਿਲਕੁਲ ਹੀ ਵੱਖਰਾ ਸੰਸਾਰ ਹੈ. ਤੁਸੀਂ ਸਥੂਲ ਸੰਸਾਰ ਛੱਡ ਦਿੱਤਾ ਹੈ, ਤੁਸੀਂ ਸੁਕ੍ਸ਼੍ਮ ਸੰਸਾਰ ਛੱਡ ਦਿੱਤਾ ਹੈ, ਅਤੇ ਇੱਕ ਨਵਾਂ ਸੰਸਾਰ ਖੋਲ੍ਹ ਲਿਆ. ਇਹ ਇੱਕ ਵੱਖਰਾ ਸੰਸਾਰ ਹੈ. ਜਦੋਂ ਤੁਸੀਂ ਉਸ ਸੰਸਾਰ ਵਿੱਚ ਹੋ, ਤੁਹਾਡੇ ਕੋਲ ਸਥੂਲ ਸੰਸਾਰ ਤੱਕ ਦੀ ਕੋਈ ਪਹੁੰਚ ਨਹੀਂ ਹੁੰਦੀ ਹੈ. ਤੁਸੀਂ ਆਪਣੇ ਆਪ ਨੂੰ ਉਸ ਤੋਂ ਖਿਚ ਚੁੱਕੇ ਹੋ.

ਤੁਸੀਂ ਇਸ ਤੋਂ ਵੀ ਉੱਪਰ, ਮਨ ਤੋਂ ਪਰੇ ਜਾਂਦੇ ਹੋ, ਅਤੇ ਤੁਹਾਨੂੰ ਪਤਾ ਲੱਗਦਾ ਹੈ ਕਿ ਤੁਸੀਂ ਸ਼ੁੱਧ ਚੇਤਨਾ ਹੋ. ਤੁਸੀਂ ਆਤਮਾ ਹੋ. ਬਾਕੀ ਸਭ ਕੁਝ ਤੁਹਾਡੇ ਅਨੁਭਵ ਲੈਣ ਲਈ ਬਣਾਇਆ ਗਿਆ ਸੀ. ਜਦੋਂ ਤੁਸੀਂ ਇਸ ਵਿੱਚ ਜਾਂਦੇ ਹੋ, ਤਾਂ ਇਹ ਇੱਕ ਨਵੀਂ ਦੁਨੀਆਂ ਹੈ, ਪਰ ਜਦੋਂ ਤੁਹਾਡੇ ਕੋਲ ਰੂਹਾਨੀ ਆਪੇ ਜਾ ਸਵੈ ਦਾ ਸੰਸਾਰ ਹੁੰਦਾ ਹੈ, ਤਾਂ ਤੁਹਾਡਾ ਸਥੂਲ, ਜਾ ਸੁਕ੍ਸ਼੍ਮ,ਜਾ ਮਨ ਦੀ ਦੁਨੀਆਂ ਦਾ ਕੋਈ ਸੰਪਰਕ ਨਹੀਂ ਰਹਿੰਦਾ. ਤੁਸੀਂ ਉਨ੍ਹਾਂ ਤੋਂ ਆਪਣੇ ਆਪ ਨੂੰ ਖਿਚ ਚੁੱਕੇ ਹੋ ਪਰ ਜਦੋਂ ਤੁਸੀਂ ਚੇਤੰਨਤਾ ਦੀ ਪੂਰਨਤਾ ਜਾ ਸਮੁੱਚਤਾ ਤੱਕ ਪਹੁੰਚਦੇ ਹੋ, ਤਾਂ ਸਾਰੇ ਪੰਜ ਸੰਸਾਰ ਤੁਹਾਡੇ ਕੋਲ ਵਾਪਸ ਆ ਜਾਂਦੇ ਹਨ.

ਇਹੀ ਕਾਰਨ ਹੈ ਕਿ ਪਰਮ ਸੰਤ ਸਤਿਗੁਰੂ, ਜਦੋਂ ਉਹ ਸਾਡੇ ਨਾਲ ਹੁੰਦੇ ਹਨ, ਉਸੇ ਵੇਲੇ ਵੀ ਉਹ ਚੇਤਨਾ ਦੀਆਂ ਸਾਰੀਆਂ ਪੱਧਰਾਂ ਦਾ ਅਨੁਭਵ ਕਰ ਰਹੇ ਹੁੰਦੇ ਹਨ. ਉਹ ਇਸਦਾ ਸਿਰਫ ਅਨੁਭਵ ਹੀ ਨਹੀਂ ਕਰ ਰਹੇ ਹੁੰਦੇ ਹਨ, ਉਹ ਸਾਰੀਆਂ ਪੱਧਰਾਂ ਤੇ ਕੰਮ ਕਰ ਰਹੇ ਹੁੰਦੇ ਹਨ. ਉਹ ਆਪਣੀਆਂ ਇਸ ਸਥੂਲ ਸੰਸਾਰ ਦੀਆਂ ਉਨ੍ਹਾਂ ਆਤਮਾਵਾਂ ਨਾਲ ਕੰਮ ਕਰ ਰਹੇ ਹੁੰਦੇ ਹਨ ਜੋ ਉਨ੍ਹਾਂ ਦੀ ਲਿਸਟ ਵਿਚ ਹੁੰਦੀਆਂ ਹਨ. ਉਹ ਉਹਨਾਂ ਆਤਮਾਵਾਂ ਨਾਲ ਕੰਮ ਕਰ ਰਹੇ ਹੁੰਦੇ ਹਨ ਜੋ ਉਹਨਾਂ ਦੇ ਨਾਲ ਲੰਮੇਰੇ ਸਮੇਂ ਤੋਂ ਸੁਕ੍ਸ਼੍ਮ ਮੰਡਲ ਵਿਚ ਵਿਚ ਵਿਚਰ ਰਹੀਆਂ ਹਨ. ਉਹ ਉਹਨਾਂ ਰੂਹਾਂ ਨਾਲ ਵੀ ਕੰਮ ਕਰ ਰਹੇ ਹੁੰਦੇ ਹਨ ਜੋ ਧਾਰਣਾ ਦੀ ਅਵਸਥਾ ਵਿਚ, ਮਾਨਸਿਕ ਅਵਸਥਾ ਵਿਚ ਫਸੀਆਂ ਹੋਈਆਂ ਹਨ, ਅਤੇ ਨਾਲ ਹੀ ਉਹ ਰੂਹਾਨੀ ਮੰਡਲ ਵਾਲੀਆਂ ਆਤਮਾਵਾਂ ਨਾਲ ਕੰਮ ਕਰ ਰਹੇ ਹੁੰਦੇ ਹਨ.

ਉਹ ਇਹ ਇੱਕ ਹੀ ਸਮੇਂ ਤੇ ਸਾਰੀਆਂ ਪੰਦਰਾਂ ਤੇ ਕੰਮ ਕਰ ਰਹੇ ਹੁੰਦੇ ਹਨ, ਅਤੇ ਉਨ੍ਹਾਂ ਨੂੰ ਇਕੋ ਸਮੇ ਸਾਰੀਆਂ ਪੰਜੇ ਪੱਧਰਾਂ ਬਾਰੇ ਪੂਰੀ ਸੋਝੀ ਹੁੰਦੀ ਹੈ. ਤੁਸੀਂ ਵੀ ਇਕੋ ਸਮੇ ਇਨ ਪੰਜੇ ਪੱਧਰਾਂ ਬਾਰੇ ਸੋਝੀ ਹਾਸਿਲ ਕਰ ਸਕਦੇ ਹੋ, ਪਰ ਇਹ ਉਦੋਂ ਹੀ ਵਾਪਰਦਾ ਹੈ

ਜਦੋਂ ਤੁਸੀਂ ਸਮੁੱਚਤਾ ਤੇ ਪਹੁੰਚਦੇ ਹੋ, ਉਸਤੋਂ ਪਹਿਲਾਂ ਦੇ ਪੜਾਵਾਂ ਤੇ ਨਹੀ. ਇਹੀ ਕਾਰਨ ਹੈ ਕਿ ਇਕ ਪਰਮ ਸੰਤ ਸਤਿਗੁਰੂ ਦੇ ਅਨੁਭਵ ਅਤੇ ਸਾਡੇ ਅਨੁਭਵਾਂ ਵਿਚ ਵੱਡਾ ਫਰਕ ਹੈ. ਉਸ ਨੂੰ ਇਕੋ ਸਮੇ ਜਾਗਰੂਕਤਾ ਦੇ ਸਾਰੇ ਪੰਜਾ ਪੜਾਵਾਂ ਦਾ ਅਨੁਭਵ ਹੋ ਰਿਹਾ ਹੁੰਦਾ ਹੈ ਅਤੇ ਉਹ ਇਕੋ ਸਮੇ ਸਹਿਜ ਨਾਲ ਇੱਕ ਤੋਂ ਪੜਾਵ ਦੂਜੇ ਪੜਾਵ ਤੇ ਪਹੁੰਚ ਜਾਂਦੇ ਹਨ ਜਦ ਕਿ ਸਾਨੂੰ ਇਕ ਸਮੇਂ ਸਿਰਫ ਇਕ ਹੀ ਪੜਾਵ ਦਾ ਅਨੁਭਵ ਹੋ ਸਕਦਾ ਹੈ, ਜੋ ਕਿ ਉਸ ਸਮੇਂ ਸਾਡੀ ਹਕੀਕਤ ਹੁੰਦੀ ਹੈ.

ਅੱਜ,ਇਸ ਸਮੇਂ ਸਾਡਾ ਸਥੂਲ ਸੰਸਾਰ ਅਤੇ ਸਥੂਲ ਸਰੀਰ ਦੁਆਰਾ ਸਿਰਜਣ ਕੀਤੀ ਸਰੀਰਕ ਜਾਗਰੂਕਤਾ ਹੀ ਸਾਡੀ ਅਸਲੀਅਤ ਹੈ. ਹੋਰ ਕੋਈ ਅਸਲੀਅਤ ਨਹੀਂ. ਬਾਕੀ ਸਭ ਕੁਝ ਕਾਲਪਨਿਕ ਹੈ. ਸੁਪਨੇ ਕਾਲਪਨਿਕ ਹਨ. ਸੱਚ ਖੰਡ ਕਾਲਪਨਿਕ ਹੈ. ਸਵਰਗ ਕਾਲਪਨਿਕ ਹਨ. ਸਿਰਫ ਸੂਥੂਲ  ਅਸਲੀਅਤ ਹੀ ਸਚ ਹੈ. ਜਦੋਂ ਅਸੀਂ ਕਿਸੇ ਹੋਰ ਪੱਧਰ ਤੇ ਜਾਂਦੇ ਹਾਂ ਤਾਂ ਉਹ ਹੀ ਸਾਡੀ ਇਕੋ ਇਕ ਅਸਲੀਅਤ ਬਣ ਜਾਂਦੀ ਹੈ. ਬਾਕੀ ਹਰ ਚੀਜ ਕਾਲਪਨਿਕ ਹੋ ਜਾਂਦੀ ਹੈ.

ਇਸ ਲਈ, ਜਦੋਂ ਤੁਸੀਂ ਸਮੁੱਚੀ ਚੇਤਨਾ ਦੇ ਆਖਰੀ ਪੰਜਵੇਂ ਪੜਾਅ ਤੇ ਪਹੁੰਚਦੇ ਹੋ, ਤਾਂ ਤੁਸੀਂ ਦੇਖਦੇ ਹੋ ਕਿ ਕੁਝ ਵੀ ਅਸਲ ਨਹੀਂ ਸੀ! ਕਿਤੇ ਵੀ! ਉਹ ਸਾਰੀਆਂ ਸਾਡੇ ਦੁਆਰਾ ਸਿਰਜਣ ਕੀਤੀਆਂ ਹੋਈਆਂ ਅਸਲੀਅਤਾਂ ਸਨ, ਅਤੇ ਤੁਸੀਂ ਕਿਸੇ ਵੀ ਸਮੇਂ ਕਿਸੇ ਵੀ ਅਸਲੀਅਤ ਵਿਚ ਜਾ ਸਕਦੇ ਹੋ. ਇਹ ਇੱਕ ਬਹੁਤ ਵੱਖਰਾ ਅਨੁਭਵ ਹੁੰਦਾ ਹੈ. ਇਸੇ ਲਈ ਪਰਮ ਸੰਤ ਸਤਿਗੁਰੂ ਨੇ ਕਿਹਾ, "ਉਦੋਂ ਤਕ ਆਰਾਮ ਨਾਲ ਨਾ ਬੈਠੋ ਜਦੋਂ ਤੱਕ ਤੁਸੀਂ ਸਮੁੱਚਤਾ ਤੱਕ ਨਹੀਂ ਪਹੁੰਚ ਜਾਂਦੇ "  ਵੱਡੇ ਮਹਾਰਾਜ ਕਹਿੰਦੇ ਹੁੰਦੇ, ਜੋ ਮੇਰੇ ਅਧਿਆਪਕ , ਮੇਰੇ ਸਤਿਗੁਰ ਸਨ, " ਉਹਨਾਂ ਦਾ ਮਾਰਗ, ਉਹਨਾਂ ਦਾ ਰੂਹਾਨੀ ਮਾਰਗ ਮਨ ਤੋਂ ਪਰੇ ਪਾਰ ਪਾਰਬ੍ਰਹਮ ਤੋਂ ਸ਼ੁਰੂ ਹੁੰਦਾ ਹੋਇਆ ਸਮੁੱਚਤਾ ਵਿਚ ਜਾਂਦਾ ਹੈ. ਉਹ ਕਹਿੰਦੇ ਸਨ, "ਇਹ ਬਾਕੀ ਸਭ ਕੁਝ ਉਸ ਰਾਹ ਦੀ ਤਿਆਰੀ ਲਈ ਹੈ." ਉਹਨਾਂ ਅਨੁਸਾਰ ਸਰਵ ਵਿਆਪਕ ਜਾ universal ਮਨ ਤਕ ਜਾਣਾ, ਅਤੇ ਸੂਕ੍ਸ਼੍ਮ ਮੰਡਲਾਂ ਵਿਚ ਜਾਣਾ, ਅਤੇ ਸਮੇਂ ਅਤੇ ਸਥਾਨ ਦੀ ਖੋਜ ਦੇ ਪੜਾਵਾਂ ਵਿਚ ਜਾਣਾ, ਇਹ ਸਭ ਅਸਲ ਸਫ਼ਰ ਦੀ ਤਿਆਰੀ ਹੈ. ਅਸਲ ਸਫ਼ਰ ਬਹੁਤ ਉੱਚਾ ਹੈ.

ਮੈਂ ਤੁਹਾਡੇ ਵਿੱਚੋ ਬਹੁਤ ਸਾਰਿਆਂ ਨੂੰ ਜੋ ਇਥੇ ਬੈਠੇ ਹਨ ਅਤੇ  ਜਿਨ੍ਹਾਂ ਨੇ ਕਿਸੇ ਪਰਮ ਸੰਤ ਸਤਿਗੁਰੂ ਤੋਂ ਦੀਖਿਆ ਲਈ ਹੈ, ਇਸ ਤਿਉਹਾਰ ਦੀ ਵਧਾਈ ਦਿੰਦਾ ਹਾਂ. ਅਤੇ ਮੈਨੂੰ ਖੁਸ਼ਨਸੀਬ ਹਾਂ ਕਿ ਮੈਨੂੰ ਅਜਿਹੇ ਲੋਕਾਂ ਦੀ ਸੰਗਤ ਦਾ ਮਾਨ ਪ੍ਰਾਪਤ ਹੋ ਰਿਹਾ ਹੈ ਜੋ ਪਹਿਲਾਂ ਹੀ ਸਵੀਕਾਰ ਕੀਤੇ ਜਾ ਚੁੱਕੇ ਹਨ, ਅਤੇ ਅਸੀਂ ਸਭ ਹਮਸਫਰ ਹਾਂ. ਅਸੀਂ ਸਾਰੇ ਇਕ ਹੀ ਜਗਾ ਤੇ ਜਾ ਰਹੇ ਹਾਂ ਅਤੇ ਇਹ ਮੇਰੇ ਲਈ ਇਹ ਜਸ਼ਨ ਦਾ ਸਮਾਂ ਹੈ. ਮੈਂ ਤੁਹਾਡੇ ਨਾਲ ਇਹ ਜਸ਼ਨ ਮਨਾਉਣ ਆਇਆ ਹਾਂ, ਤੋਹਫ਼ਿਆਂ ਦਾ ਵਟਾਂਦਰਾ ਕਰਨ ਆਇਆ ਹਾਂ, ਵਧਾਈਆਂ ਦਾ ਵਟਾਂਦਰਾ ਕਰਨ ਆਇਆ ਹਾਂ. ਆਤਮ ਹੱਤਿਆ ਨਾ ਕਰੋ. ਆਨੰਦ ਮਾਣੋ ਅਤੇ ਤਿਉਹਾਰ ਮਨਾਓ. ਖਾਓ, ਪੀਓ ਅਤੇ ਮਜ਼ੇ ਕਰੋ. ਸ਼ਰਾਬ ਨਾ ਪੀਓ. ਪੀ ਕੇ ਡ੍ਰਾਈਵ ਨਾ ਕਰੋ. ਰੂਹਾਨੀ ਮਾਰਗ  ਤੇ ਚਲਣ ਦੀ ਕੋਸ਼ਿਸ਼ ਕਰੋ. ਪੂਰਾ ਆਨੰਦ ਮਾਣੋ. ਸਤਿਗੁਰੂ ਨੂੰ ਯਾਦ ਕਰਨ ਦੇ ਹਰ ਮੌਕੇ ਵਾਂਗ , ਇਹ ਵੀ ਬਹੁਤ ਵਧੀਆ ਮੌਕਾ ਹੈ.

ਇਹ ਯਾਦ ਰੱਖਣ ਦਾ ਮੌਕਾ ਹੈ ਕਿ ਸਾਡੇ ਕੋਲ ਇਕ ਬਹੁਤ ਵਧੀਆ ਅਵਸਰ ਹੈ. ਕਿ ਸਾਨੂੰ  ਇੱਕ ਪਰਮ ਸੰਤ ਸਤਿਗੁਰੂ ਦੁਆਰਾ ਨਾਮ ਦੀ ਦਾਤ ਮਿਲੀ ਹੋਈ ਹੈ. ਇਸ ਤੋਂ ਵਧੀਆ ਕੁਝ ਵੀ ਨਹੀਂ ਹੋ ਸਕਦਾ. ਸਾਨੂੰ ਆਪਣੀ ਜ਼ਿੰਦਗੀ ਵਿਚ ਇਕ ਸੱਚਾ ਦੋਸਤ ਮਿਲਿਆ ਹੈ. ਦੋਸਤੀ ਦਾ ਅਨੰਦ ਮਾਣੋ. ਤੁਸੀਂ ਜਿਨਾਂ ਵੀ ਹੋ ਸਕੇ ਬਾਹਰਲੇ ਪਧਰ ਤੇ ਦੋਸਤੀ ਦਾ ਅਨੰਦ ਮਾਣੋ, ਭਾਵੇਂ ਕਿ ਇਹ ਜ਼ਿਆਦਾ ਨਹੀਂ ਹੈ.  ਅੰਦਰੂਨੀ ਤੌਰ ਤੇ, ਜਿੰਨਾ ਅਨੰਦ ਮਾਣ ਸਕਦੇ ਹੋ, ਮਾਣੋ, ਇਹ ਬਹੁਤ ਜਿਆਦਾ ਹੈ.

ਇਸ ਲਈ, ਮੈਂ ਕਾਮਨਾ ਕਰਦਾ ਹਾਂ ਕਿ ਇਹ ਛੁਟੀਆਂ ਖੁਸ਼ੀਆਂ ਭਰੀਆਂ ਹੋਣ, ਨਾਲ ਹੀ ਮੈਂ ਤੁਹਾਨੂੰ ਨਵੇਂ ਸਾਲ 2011 ਦੀਆਂ ਸ਼ੁਭਕਾਮਨਾਵਾਂ ਦਿੰਦਾ ਹਾਂ. ਮੈਨੂੰ ਪੱਕਾ ਯਕੀਨ ਹੈ ਕਿ ਇਸ ਦੇਸ਼ ਦੀ  ਜਿਸ ਜਗਾ  ਵਿਚ ਅਸੀਂ ਬੈਠੇ ਹਾਂ, ਉਥੇ ਆਉਣ ਵਾਲੇ ਸਾਲ ਵਿਚ ਪਹਿਲਾਂ ਨਾਲੋਂ ਹੋਰ ਜ਼ਿਆਦਾ  ਅਧਿਆਤਮਿਕ ਵਿਕਾਸ ਹੋਵੇਗਾ. ਇਹ ਮੈਂ ਆਪਣੇ ਸਤਿਗੁਰੂ ਦੇ ਕਹੇ ਬਚਨਾਂ ਦੇ ਆਧਾਰ ਤੇ ਕਹਿ ਰਿਹਾਂ ਹਾਂ, ਜਿਨ੍ਹਾਂ ਅਨੁਸਾਰ, "ਰੂਹਾਨੀਅਤ ਦਾ ਧੁਰਾ, ਜੋ ਕਿ ਸਦੀਆਂ ਤੋਂ ਪੂਰਬ ਵਿੱਚ ਕੇਂਦਰਿਤ ਸੀ, ਹੁਣ ਪੱਛਮ ਵੱਲ ਨੂੰ

ਸਰਕ ਰਿਹਾ ਹੈ." ਉਹਨਾਂ ਇਹ ਵੀ ਕਿਹਾ ਕਿ "ਰੂਹਾਨੀਅਤ ਦਾ ਇਹ ਧੁਰਾ, ਜਿੱਥੇ ਬਹੁਤ ਸਾਰੇ ਪਰਮ ਸੰਤ ਸਤਿਗੁਰੂ ਵੱਡੀ ਗਿਣਤੀ ਵਿੱਚ ਜਿਗਿਆਸੂਆਂ ਦੀ ਦੇਖਭਾਲ ਕਰਦੇ ਆਏ ਹਨ, ਉਹ ਪੱਛਮ ਵੱਲ ਸਰਕ ਰਿਹਾ ਹੈ ਅਤੇ ਲਗਭਗ ਇਸ ਸਮੇ ਵੱਡੇ ਪੱਧਰ ਤੇ ਆਪਣੇ ਆਪ ਨੂੰ ਉੱਤਰੀ ਅਮਰੀਕਾ ਵਿੱਚ ਸਥਾਪਤ ਕਰ ਲਵੇਗਾ. ਉਹਨਾਂ ਇਹ ਕਿਹਾ ਸੀ.

ਇਸ ਲਈ ਮੈਂ ਸਿਰਫ ਉਹਨਾਂ ਸ਼ਬਦਾਂ ਦਾ ਹਵਾਲਾ ਦੇ ਰਿਹਾ ਹਾਂ ਜੋ ਵੱਡੇ ਮਹਾਰਾਜ ਨੇ ਪਹਿਲਾਂ, ਬਹੁਤ ਪਹਿਲਾਂ ਕਹੇ ਸਨ. ਉਹਨਾਂ ਨੇ ਇਹ ਸ਼ਬਦ ਲਗਭਗ 60 ਸਾਲ ਪਹਿਲਾਂ ਕਹੇ ਸਨ, ਜਿਨ੍ਹਾਂ ਨੂੰ ਮੈਂ ਦੋਹਰਾ ਰਿਹਾ ਹਾਂ. ਮੈਂ ਤੁਹਾਨੂੰ ਮਿੱਤਰਾਂ ਨੂੰ ਸਚ ਦੱਸਾਂ ਕਿ ਮੈਂ ਭਾਰਤ ਵਿੱਚ ਇੱਕ ਬਹੁਤ ਹੀ ਆਰਾਮਦਾਇਕ ਜ਼ਿੰਦਗੀ ਜੀ ਰਿਹਾ ਸੀ, ਇੱਕ ਚੰਗੀ ਨੌਂਕਰੀ ਸੀ. ਮੈਨੂੰ ਇੱਕ ਪ੍ਰਦੇਸ਼ ਦੇ ਗਵਰਨਰ ਦਾ ਕੰਮ ਦਿੱਤਾ ਜਾ ਰਿਹਾ ਸੀ. ਮੈਨੂੰ ਉੱਥੇ ਦੀ ਸਰਕਾਰ ਦੇ ਕੈਬਨਿਟ ਵਿਚ ਵਿਚ ਕੰਮ ਦੀ ਪੇਸ਼ਕਸ਼ ਕੀਤੀ ਗਈ ਸੀ. ਮੈਨੂੰ ਇੱਕ ਕੰਮ ਅਤੇ ਇਕ ਵੱਡੇ ਘਰ ਦੀ ਪੇਸ਼ਕਸ਼ ਕੀਤੀ ਗਈ ਸੀ ਜਿਸ ਵਿਚ ਖੁਦ ਕੁਝ ਖਾਸ ਕੰਮ ਨਹੀਂ ਸੀ ਕਰਨਾ ਬਸ ਹੋਰ ਲੋਕਾਂ ਤੋਂ ਕੰਮ ਲੈਣਾ ਸੀ. ਮੈਨੂੰ ਇੱਕ ਵੱਡੀ ਪੈਨਸ਼ਨ ਮਿਲਣੀ ਸੀ. ਮੈਂ ਇਹ ਸਭ ਛੱਡ ਦਿੱਤਾ. ਮੈਂ ਇੱਥੇ ਕਿਉਂ ਆਇਆ ?

ਮੈਂ ਇੱਥੇ ਵੱਡੇ ਮਹਾਰਾਜ ਦੇ ਬਚਨਾਂ ਕਰਕੇ ਆਇਆ ਜਿਨ੍ਹਾਂ ਵਿਚ ਉਨ੍ਹਾਂ ਨੇ ਕਿਹਾ ਸੀ ਕਿ ਅਧਿਆਤਮਿਕ ਧੁਰਾ, ਰੂਹਾਨੀਅਤ ਦਾ ਧੁਰਾ, ਇਸ ਦੇਸ਼ ਵਿਚ ਸਰਕ ਜਾਵੇਗਾ ਅਤੇ ਪੂਰਬ ਦੇ ਮੁਕਾਬਲੇ ਵਿਚ ਇੱਥੇ ਜ਼ਿਆਦਾ ਅਧਿਆਤਮਿਕਤਾ ਹੋਵੇਗੀ. ਪੂਰਬ ਪਦਾਰਥਕ ਚੀਜ਼ਾਂ ਵੱਲ ਧਿਆਨ ਦੇਣਾ ਸ਼ੁਰੂ ਕਰ ਦੇਵੇਗਾ. ਵਧੇਰੇ ਫੈਕਟਰੀਆਂ, ਵਧੇਰੇ ਉਦਯੋਗ, ਵਧੇਰੇ ਪੈਸਾ ਅਤੇ ਇਥੇ ਪੱਛਮ ਵਿਚ ਬਹੁਤ ਜਿਆਦਾ ਪੈਸੇ ਤੋਂ ਬਾਅਦ, ਜਿਸ ਤੋਂ ਕੋਈ ਖੁਸ਼ੀ ਅਤੇ ਰੂਹਾਨੀਅਤ ਨਾ ਪ੍ਰਾਪਤ ਹੋਣ ਤੇ, ਇਹ ਮੁੜ ਰੂਹਾਨੀਅਤ ਵੱਲ ਚੱਲ ਪਊਗਾ. ਉਨ੍ਹਾਂ ਨੇ ਇਹ ਭਵਿੱਖਵਾਣੀ ਕੀਤੀ, ਅਤੇ ਇਸ ਭਵਿੱਖਬਾਣੀ ਦੇ ਕਾਰਨ, ਮੈਂ ਇੱਥੇ ਭੱਜਿਆ ਆਇਆ ਹਾਂ ਤਾਂ ਜੋ ਇਸ ਸਭ ਨੂੰ ਨੇੜੇ ਤੋਂ ਹੋ ਕੇ ਦੇਖ ਸਕਾਂ. ਮੈਂ ਨੇੜੇ ਹੋ ਕੇ ਦੇਖ ਰਿਹਾਂ ਹਾਂ ਜੋ ਉਨ੍ਹਾਂ ਨੇ ਕਿਹਾ ਸੀ, ਉਹ ਅਸਲ ਵਿੱਚ ਹੋ ਰਿਹਾ ਹੈ.

ਇਸ ਲਈ ਤੁਹਾਨੂੰ ਸਾਰਿਆਂ ਨੂੰ ਵੱਡੇ ਮਹਾਰਾਜ ਦੀਆਂ ਅਸੀਸਾਂ. ਤਿਉਹਾਰ ਦਾ ਆਨੰਦ ਮਾਣੋ! ਧੰਨਵਾਦ.

ਹੁਣ ਇਕ ਸ਼ਬਦ ਗਾਇਆ ਜਾਵੇਗਾ ਜੋ ਮੈਂ ਹਮੇਸ਼ਾ ਆਪਣੇ ਆਈ ਫੋਨ ਤੋਂ ਯੂ ਟਿਊਬ ਉਤੇ ਸੁਣਦਾ ਹਾਂ. ਇਹ ਸ਼ਬਦ ਮੈਂ ਟਿੱਕੀ ਨੂੰ ਮਿਨੀਸੋਟਾ ਵਿਚ ਗਾਉਂਦੇ ਸੁਣਿਆ ਸੀ, ਜਦੋਂ ਅਸੀਂ ਉਥੇ ਸੀ ਅਤੇ ਇਹ ਇਕ ਸੁੰਦਰ ਸ਼ਬਦ ਹੈ. ਇਹ ਮੇਰਾ ਪਸੰਦੀਦਾ ਸ਼ਬਦ ਹੈ, ਅਤੇ ਮੈਂ ਇਸ ਸ਼ਬਦ ਨੂੰ ਸੁਣ ਕੇ ਹੈਰਾਨ ਹੋ ਗਿਆ ਸੀ... ਕੀ ਮੈਂ ਇਸ ਨੂੰ ਪਹਿਲੀ ਵਾਰ ਵਿਸਕਾਨਸਿਨ ਦੇ ਕ੍ਰਿਸਟੀਨ ਸੈਂਟਰ ਵਿਖੇ ਸੁਣਿਆ ਸੀ? ਮੈਂ ਇਕ ਹਾਲ ਵਿਚ ਗਿਆ ਜਿੱਥੇ ਲੋਕ ਬੈਠੇ ਹੋਏ ਹਨ ਅਤੇ ਟਿਕੀ ਸਿੱਖ ਧਰਮ ਦੇ ਗੁਰੂ ਗਰੰਥ ਸਾਹਿਬ ਵਿਚੋਂ ਇਸ ਭਾਰਤੀ ਪੰਜਾਬੀ ਸ਼ਬਦ ਨੂੰ ਗਾ ਰਹੀ ਸੀ. ਜਿਸ ਧਰਮ ਵਿਚ 10 ਗੁਰੂ ਹੋਏ ਸਨ . ਪੰਜਵੇਂ ਗੁਰੂ ਨੇ ਬਾਕੀ ਸਭ ਸਾਰੇ ਗੁਰੂਆਂ ਤੋਂ ਜਿਆਦਾ ਬਾਨੀ ਉਚਾਰਣ ਕੀਤੀ. ਪੰਜਵੇਂ ਪਾਤਸ਼ਾਹ ਨੇ ਇਸ ਸ਼ਬਦ ਦਾ ਉਚਾਰਣ ਕੀਤਾ ਸੀ ਜਿਸਨੂੰ ਇਹ ਗਾ ਰਹੀ ਸੀ. ਮੈਂ ਬਹੁਤ ਪ੍ਰਭਾਵਿਤ ਹੋਇਆ ਸੀ. ਮੈਂ ਇਕ ਦਮ ਅਡੋਲ ਹੋ ਗਿਆ ਸੀ. ਮੈਂ ਹੈਰਾਨ ਸੀ ਕਿ ਇਹ ਕੀ ਹੋ ਰਿਹਾ ਹੈ.

ਇੱਕ ਪਲ ਲਈ ਮੈਂ ਸੋਚਿਆ "ਮੈਂ ਕਿੱਥੇ ਹਾਂ", . ਉਸ ਸ਼ਬਦ ਅਨੁਸਾਰ, ਜੋ "ਤੁਸੀਂ ਇੱਕ ਸਤਿਗੁਰੂ ਗੁਰੂ ਤੋਂ ਜੋ ਮੰਗਦੇ ਹੋ, ਜੋ ਤੁਸੀਂ ਉਸ ਪਰਮ ਪਿਤਾ ਕੋਲੋਂ ਮੰਗਦੇ ਹੋ, ਉਹ ਤੁਹਾਨੂੰ ਦੇਵੇਗਾ." ਇਹ ਕਿਤਨਾ ਸਰਲ ਹੈ. ਪਰ ਇਸ ਸ਼ਬਦ ਵਿਚ ਇਕ ਸ਼ਰਤ ਵੀ ਲੁਕੀ ਹੋਈ ਹੈ, ਉਹ ਇਹ ਹੈ ਕਿ ਤੁਹਾਨੂੰ ਪੂਰੇ ਵਿਸ਼ਵਾਸ ਅਤੇ ਪਿਆਰ ਅਤੇ ਸ਼ਰਧਾ ਨਾਲ ਮੰਗਣਾ ਪਵੇਗਾ. ਜੇ ਤੁਹਾਨੂੰ ਪੂਰੀ ਸ਼ਰਧਾ, ਪਿਆਰ ਅਤੇ ਵਿਸ਼ਵਾਸ ਹੈ ਤਾਂ ਜੋ ਵੀ ਮੰਗੋਗੇ ਉਹ ਮਿਲ ਜਾਊਗਾ. ਸ਼ਬਦ ਇਹ ਵੀ ਕਹਿੰਦਾ ਹੈ ਕਿ " ਸਾਰੇ ਦੇ ਸਾਰੇ ਨੌਂ ਬ੍ਰਹਿਮੰਡਾਂ ਉਸ ਦੇ ਨਿਯੰਤਰਨ ਵਿਚ ਹਨ. ਇਸ ਤਾਕਤ ਦੇ ਬਾਵਜੂਦ, ਉਹ ਫਿਰ ਵੀ ਤੁਹਾਡੇ ਸਿਰ ਉੱਤੇ ਆਪਣਾ ਹਥ ਰਖ ਕੇ ਤੁਹਾਨੂੰ ਅਸ਼ੀਰਵਾਦ ਦਿੰਦਾ ਹੈ ਜੋ ਕੋਈ ਹੋਰ ਕਦੇ ਵੀ ਨਹੀਂ ਦੇ ਸਕਦਾ. ਉਹ ਸ਼ਬਦ ਇਹ ਵੀ ਕਹਿੰਦਾ ਹੈ ਕਿ, “ ਜੇਕਰ ਉਹ ਤੁਹਾਨੂੰ ਗਲੇ ਲਗਾ ਲਵੇ,” ਸ਼ਬਦ ਕਹਿੰਦਾ ਹੈ, “ਉਹ ਤੁਹਾਡੀਆਂ ਬਹੁਤ ਸਾਰੀਆਂ ਨਕਾਰਾਤਮਕ ਚੀਜ਼ਾਂ, ਤੁਹਾਡੇ ਕਈ ਕਰਮਾਂ ਨੂੰ ਮਿਟਾ ਦਿੰਦਾ ਹੈ, ਕੇਵਲ ਤੁਹਾਨੂੰ ਗਲੇ ਲਗਾ ਕੇ ਹੀ.” . ਉਹ ਇਨਸਾਨ, ਉਹ ਮਨੁੱਖ.

ਇਹ ਬਹੁਤ ਹੈਰਾਨੀ ਵਾਲੀ ਗੱਲ ਹੈ ਜੋ ਕਿ ਇਸ਼ ਸ਼ਬਦ ਅਨੁਸਾਰ ਮਨੁੱਖੀ ਰੂਪ ਵਿਚ ਉਸ ਪ੍ਰਭੂ ਦੀ ਤਾਕਤ ਕਿ ਕਰ ਸਕਦੀ ਹੈ. ਉਹ ਤੁਹਾਡੇ ਨਾਲ ਗੱਲ ਕਰਕੇ, ਹਥ ਮਿਲਾ ਕੇ, ਕੰਠ ਨਾਲ ਲਗਾ ਕੇ, ਤੁਹਾਡੇ ਬਹੁਤ ਸਾਰੇ ਕਰਮਾਂ ਨੂੰ ਮਿਟਾ ਦੇਣ ਦੀ ਸ਼ਕਤੀ ਰਖਦਾ

ਹੈ. ਮੈਂ ਬਹੁਤ ਪ੍ਰਭਾਵਿਤ ਹੋਇਆ, ਅਤੇ ਮੈਂ ਕਿਹਾ, "ਟਿੱਕੀ, ਜਦੋਂ ਅਸੀਂ ਤਿਉਹਾਰ ਮਨਾਈਏ ਤਾਂ ਤੁਹਾਨੂੰ ਇਹ ਸ਼ਬਦ ਗਾਉਣਾ ਚਾਹੀਦਾ ਹੈ." ਕੀ ਤੁਸੀਂ ਉਹ ਸ਼ਬਦ ਸੁਣੋਗੇ ? ਮੈਂ ਤੁਹਾਨੂੰ ਇਸਦੇ ਅਰਥ ਪਹਿਲਾਂ ਹੀ ਦੱਸ ਦਿੱਤੇ ਹਨ. ਜੋ ਕੁਝ ਵੀ ਤੁਸੀਂ ਆਪਣੇ ਗੁਰੂ ਤੋਂ ਮੰਗੋਗੇ, ਉਹ ਦੇਵੇਗਾ. ਸਾਰੇ ਨੌਂ ਖੰਡਾ ਦੀ ਸ਼ਕਤੀ ਨਾਲ ਉਹ ਤੁਹਾਡੇ ਸਿਰ ਤੇ ਆਪਣਾ ਹੱਥ ਰਖ ਕੇ ਤੁਹਾਡੇ ਤੇ ਬਹੁਤ ਮਿਹਰ ਕਰਦਾ ਹੈ. ਇਸ ਨਾਲ ਤੁਹਾਡੇ ਰਸਤੇ ਵਿਚ ਖੜੀ ਬਹੁਤ ਸਾਰੀ ਨਕਾਰਾਤਮਕਤਾ ਦੂਰ ਹੋ ਜਾਂਦੀ ਹੈ, ਤੁਹਾਡੇ ਕਰਮ ਮਿਟ ਜਾਂਦੇ ਹਨ, ਅਤੇ ਤੁਸੀਂ ਉਹਨਾਂ ਤੋਂ ਮੁਕਤ ਹੋ ਜਾਂਦੇ ਹੋ. ਜੋ ਵੀ ਤੁਸੀਂ ਆਪਣੇ ਸਤਿਗੁਰੂ ਤੋਂ ਮੰਗੋਗੇ ਉਹ ਤੁਹਾਨੂੰ ਦੇਵੇਗਾ. ਪਿਆਰ ਅਤੇ ਸ਼ਰਧਾ ਨਾਲ, ਮੰਗੋ.

*ਜੋ ਮਾਗਹਿ ਠਾਕੁਰ ਆਪਣੇ ਤੇ ਸੋਈ ਸੋਈ ਦੇਵੈ*
*ਜੋ ਮਾਗਹਿ ਠਾਕੁਰ ਆਪਣੇ ਤੇ ਸੋਈ ਸੋਈ ਦੇਵੈ*
*ਚਤੁਰ ਦਿਸਾ ਕੀਨੋ ਬਲੁ ਅਪਨਾ ਸਿਰ ਊਪਰਿ ਕਰੁ ਧਾਰਿਓ*
*ਕ੍ਰਿਪਾ ਕਟਾਖ ਅਵਲੋਕਨੁ ਕੀਨੋ ਦਾਸ ਕਾ ਦੂਖੁ ਬਿਦਾਰਿਓ*
*ਜੋ ਮਾਗਹਿ ਠਾਕੁਰ ਆਪਣੇ ਤੇ ਸੋਈ ਸੋਈ ਦੇਵੈ*
*ਜੋ ਮਾਗਹਿ ਠਾਕੁਰ ਆਪਣੇ ਤੇ ਸੋਈ ਸੋਈ ਦੇਵੈ*

ਧੰਨਵਾਦ ਟਿੱਕੀ, ਧੰਨਵਾਦ

ਤੁਹਾਡੇ ਪਿੱਛੇ ਮੇਜ਼ ਤੇ ਤਿਓਹਾਰ ਲਈ ਕੁਝ ਭੋਜਨ ਹੈ. ਮੈਂ ਜਾਣਦਾ ਹਾਂ ਕਿ ਬਹੁਤ ਸਾਰੇ ਲੋਕ ਉਸ ਦੀ ਉਡੀਕ ਕਰ ਰਹੇ ਹਨ! "ਕਦੋਂ ਇਹ ਬੋਲਨਾ ਬੰਦ ਕਰੇਗਾ ਤਾਂ ਕਿ ਅਸੀਂ ਅਸਲੀ ਤਿਓਹਾਰ ਲਈ ਜਾ ਸਕੀਏ?" ਅਜਿਹੇ ਕਈ ਫੰਕਸ਼ਨ ਹਨ ਜਿਥੇ ਕਿ ਲੋਕ ਸੋਚਦੇ ਹਨ ਕਿ ਭੋਜਨ ਖਾਣਾ ਹੀ ਅਸਲ ਤਿਓਹਾਰ ਹੁੰਦਾ ਹੈ. ਮੈਂ ਸਹਿਮਤ ਹਾਂ. ਮੈਂ ਸਿਰਫ਼ ਇਹੀ ਕਹਾਂਗਾ, "ਸਿਰਫ ਭੋਜਨ ਨਹੀਂ ਖਾਧਾ ਜਾਣਾ ਚਾਹੀਦਾ ਹੈ, ਜੋ ਕਿ ਕਦੇ-ਕਦਾਈਂ ਜ਼ਰੂਰਤ ਨਾਲੋਂ ਜਿਆਦਾ ਵੀ ਖਾਇਆ ਜਾ ਸਕਦਾ ਹੈ. ਸਾਡੇ ਅੰਦਰ ਬਹੁਤ ਸਾਰੇ ਸੁਆਦੀ ਭੋਜਨ ਹਨ. ਅਭਿਆਸ ਦੇ ਪਹਿਲੇ ਪੜਾਅ ਵਿੱਚ ਤੁਹਾਨੂੰ ਕਈ ਅਜਿਹੇ ਅਨੁਭਵ ਪ੍ਰਾਪਤ ਹੁੰਦੇ ਹਨ. ਤੁਹਾਨੂੰ ਇੰਦਰੀਆਂ ਦੇ ਅਨੁਭਵ ਪ੍ਰਾਪਤ ਹੁੰਦੇ ਹਨ ਜਿਨ੍ਹਾਂ ਅੱਗੇ ਸੰਸਾਰ ਦਾ ਕੋਈ ਵੀ ਪਦਾਰਥ ਨਹੀਂ ਖੜਾ ਹੋ ਸਕਦਾ. ਜੇ ਤੁਸੀਂ ਚੰਗੇ ਭੋਜਨ ਵਿਚ ਦਿਲਚਸਪੀ ਰੱਖਦੇ ਹੋ ਅਤੇ ਜਿਸ ਨਾਲ ਤੁਹਾਡਾ ਭਾਰ ਨਹੀਂ ਵਧਦਾ, ਤੁਹਾਡੀਆਂ ਕੈਲੋਰੀਆਂ ਨਹੀਂ ਵਧਦੀਆਂ ਤਾਂ ਉਸ ਜਗਾ ਜਾਓ ! ਇਸ ਮੇਜ ਤੇ ਨਹੀਂ.ਪਰ ਇਹ ਭੋਜਨ ਵੀ ਬਹੁਤ ਵਧੀਆ ਹੈ. ਮੈਂ ਇਸ ਤੇ ਇੱਕ ਨਜ਼ਰ ਮਾਰੀ ਹੈ. ਇਹ ਦੇਖਕੇ ਮੈਨੂੰ ਇਕ ਕਹਾਣੀ ਯਾਦ ਆ ਗਈ, ਇਕ ਛੋਟੀ ਜਿਹੀ ਕਹਾਣੀ, ਇਸ ਕਹਾਣੀ ਨੇ ਇਕ ਕਹਾਣੀ ਮੁਕਾਬਲੇ ਵਿਚ ਪਹਿਲਾ ਇਨਾਮ ਜਿੱਤਿਆ ਸੀ.

ਮੈਂ ਇਸ ਦੇਸ਼ ਵਿੱਚ ਪਹੁੰਚਣ ਤੋਂ ਥੋੜ੍ਹੀ ਦੇਰ ਬਾਅਦ ਹੀ ਇਸ ਨੂੰ ਪੜ੍ਹਿਆ ਸੀ. ਇਹ ਛੋਟੀ ਜਿਹੀ ਕਹਾਣੀ ਇੱਕ ਅਜਿਹੇ ਵਿਅਕਤੀ ਬਾਰੇ ਸੀ ਜੋ ਇੱਕ ਜੀਵਨਸਾਥਣ ਲੱਭਣਾ ਚਾਹੁੰਦਾ ਸੀ, ਅਤੇ ਉਸਨੂੰ ਜੀਵਨਸਾਥਣ ਨਹੀਂ ਮਿਲ ਰਹੀ ਸੀ. ਉਹ ਨਹੀਂ ਜਾਣਦਾ ਸੀ ਕਿ ਕਿਵੇਂ ਲੱਭਣਾ ਹੈ. ਉਹ ਇਕੱਲਾ ਸੀ. ਉਸ ਨੂੰ ਖੁਦ ਆਪਣਾ ਕਰਿਆਨਾ ਖਰੀਦਣਾ ਪੈਂਦਾ. ਉਸ ਨੂੰ ਆਪਣੇ ਕੱਪੜੇ ਧੋਣ ਲਈ ਖੁਦ ਆਪਣੇ ਡਿਟਰਜੈਂਟ ਖਰੀਦਣੇ ਪੈਦੇ. ਇਕ ਵਾਰ ਉਹ ਡਿਟਰਜੈਂਟ ਖਰੀਦਣ ਲਈ ਇਕ ਸਟੋਰ ਵਿੱਚ ਗਿਆ. ਜਦੋਂ ਉਹ ਉਥੇ ਗਿਆ, ਉਸਨੇ ਟਾਇਡ, ਡਾਨ ਅਤੇ ਕਈ ਹੋਰ ਨਾਂ ਦੇਖੇ. ਉਸ ਨੇ ਕਿਹਾ, "ਮੈਨੂੰ ਨਹੀਂ ਪਤਾ ਕਿ ਕਿਸ ਨੂੰ ਖਰੀਦਣਾ ਚਾਹੀਦਾ ਹੈ." ਇਸ ਲਈ ਉਸਨੇ ਆਪਣੀਆਂ ਅੱਖਾਂ ਬੰਦ ਕਰ ਲਈਆਂ ਡੱਬਾ ਚੁੱਕਣ ਲਗਿਆ. ਜਦੋਂ ਉਸ ਨੇ ਆਪਣੀਆਂ ਅੱਖਾਂ ਬੰਦ ਕੀਤੀਆਂ ਅਤੇ ਡੱਬਾ ਚੱਕਣ ਹੀ ਵਾਲਾ ਸੀ ਤਾਂ ਇਕ ਔਰਤ ਉਥੋਂ ਲੰਘੀ. ਉਸ ਦਾ ਹਥ ਉਸ ਔਰਤ ਤੇ ਪੈ ਗਿਆ. ਉਹ ਜਾਣ ਚੁੱਕਾ ਸੀ ਕੀ

ਉਹ ਹੀ ਉਸਦੀ ਰੂਹ ਦੀ ਹਾਣੀ ਸੀ! ਇਹ ਇਤਨੀ ਅਚਾਨਕ ਹੋ ਗਿਆ, ਇਸ ਲਈ ਉਸਨੇ ਉਸ ਨਾਲ ਵਿਆਹ ਕਰਵਾ ਲਿਆ. ਇਹ ਛੋਟੀ ਕਹਾਣੀ ਕਹਿੰਦੀ ਹੈ ਜਦੋਂ ਉਨ੍ਹਾਂ ਦਾ ਵਿਆਹ ਹੋਇਆ ਤਾਂ ਇਕ ਵੱਡਾ ਤਿਉਹਾਰ ਮਨਾਇਆ ਗਿਆ.

ਹੁਣ ਇਸ ਕਹਾਣੀ ਦਾ ਲੇਖਕ ਕਹਿੰਦਾ ਹੈ ਕਿ ਤਿਉਹਾਰ ਦੀ ਤਿਆਰੀ ਕੀਤੀ ਗਈ. ਸਾਰਾ ਖਾਣਾ ਮੇਜ਼ਾਂ ਤੇ ਰੱਖਿਆ ਗਿਆ ਪਰ ਰੱਬ ਕਿੱਥੇ ਸੀ? ਰੱਬ ਬੇਸਮੈਂਟ ਵਿਚ ਸੀ. ਉਹ ਬਿਜਲੀ ਦੇ ਮੀਟਰਾਂ ਵੱਲ ਦੇਖ ਰਿਹਾ ਸੀ ਕਿ ਉਸਨੇ ਪਿਛਲੇ ਮਹੀਨੇ ਕਿੰਨੀ ਕੁ ਕਿਰਪਾ ਵੰਡੀ ਸੀ ਕਿਉਂਕਿ ਲੇਖਕ ਕਹਿੰਦਾ ਹੈ, "ਇਸ ਯੁੱਗ ਵਿੱਚ ਬਿਜਲੀ ਕ੍ਰਿਪਾ ਹੈ. ਕੋਈ ਅੰਤਰ ਨਹੀਂ ਹੈ ਤੁਸੀਂ ਆਪਣੀ ਜ਼ਿੰਦਗੀ ਵਿਚ ਵਾਪਰ ਰਹੀਆਂ ਘਟਨਾਵਾਂ ਦੁਆਰਾ ਕਿਰਪਾ ਨੂੰ ਮਾਪ ਸਕਦੇ ਹੋ." ਅਸੀਂ ਇਕ ਬਿਜਲੀ ਦੇ ਮੀਟਰ ਕੋਲ ਜਾ ਕੇ ਦੇਖ ਸਕਦੇ ਹਾਂ."

ਇਸ ਲਈ ਪਰਮਾਤਮਾ ਪਿਛਲੇ ਮਹੀਨੇ ਵੰਡੀ ਗਈ ਕਿਰਪਾ ਨੂੰ ਮਾਪ ਰਿਹਾ ਸੀ, ਅਤੇ ਫਿਰ ਲੇਖਕ, ਜਿਸ ਨੇ ਉਸ ਔਰਤ ਨਾਲ ਵਿਆਹ ਕੀਤਾ, ਉਹ ਕਹਿੰਦਾ ਹੈ, "ਮੈਂ ਉੱਥੇ ਖਲੋਤਾ ਸੀ. ਭੋਜਨ ਮੇਰੇ ਸਾਹਮਣੇ ਮੇਜ਼ ਤੇ ਪਿਆ ਸੀ. ਮੈਂ ਬੇਸਮੈਂਟ ਦੀਆਂ ਪੌੜੀਆਂ ਨੂੰ ਦੇਖ ਰਿਹਾ ਸੀ, ਮੈਂ ਪ੍ਰਮਾਤਮਾ ਨੂੰ ਬੇਸਮੈਂਟ ਵਿੱਚੋਂ ਵਾਪਸ ਆਉਂਦੇ ਦੇਖਿਆ ਅਤੇ ਮੈਨੂੰ ਲਗਿਆ ਕਿ ਉਹ ਮੇਰੇ ਪਿੱਛੇ ਸੀ. "ਮੈਂ ਕਿਹਾ," ਉਹ ਪੂਰੀ ਤਰ੍ਹਾਂ ਮੇਰੇ ਨਾਲ ਹੈ. ਮੇਰੇ ਵਿਆਹ ਦਾ ਸਮਰਥਨ ਕਰ ਰਿਹਾ ਹੈ, ਇਸ ਲਈ ਮੈਂ ਉਸ ਨੂੰ ਇਕ ਤਿਰਛੀ ਨਜਰ ਨਾਲ ਦੇਖਿਆ, ਇਹ ਪਤਾ ਲਗਾਉਣ ਲਈ ਕਿ ਕੀ ਉਹ ਮੈਨੂੰ ਸਹਿਯੋਗ ਦੇਣ ਲਈ ਆਇਆ ਹੈ ? ਨਹੀਂ. ਮੈਂ ਚੌਂਕਿਆ, ਪਰਮਾਤਮਾ ਭੋਜਨ ਵਲ ਦੇਖ ਰਿਹਾ ਸੀ!" ਸੋ ਉਹ ਖਾਨੇ ਨੂੰ ਅਸੀਸ ਦੇ ਰਿਹਾ ਸੀ. ਇਸ ਕਹਾਣੀ ਨਾਲ, ਸਾਰੇ ਖਾਣੇ ਤੇ ਹੁਣ ਬਖਸ਼ਿਸ਼ ਪੈ ਗਈ ਹੈ, ਸੋ ਜਾਓ ਅਤੇ ਆਨੰਦ ਮਾਣੋ.

XXXXXXXXXXXXXXXXXXXXXXXXXXXX
http://www.youtube.com/watch?v=H0_zA2p1YhU

https://www.youtube.com/watch?v=_c1IkA_Zyv4&t=447s